Designer & Customized
WEDDING
CARDS & BOXES
Shagun Envelopes & Saha Chithi
More Than 500 Designs
of Wedding Cards & Boxes
+91-98888 88887, 98888 88887
weddingsea@gmail.com
SEA DESIGN COMPANY

ਰੋਜ਼ਾਨਾ
# ਸ਼ਹੀਦ-ਏ-ਆਜ਼ਮ
SHAHEED-E-AZAM, DAILY PUNJABI NEWSPAPER, PATIALA
ਰੋਜ਼ਾਨਾ ਪੰਜਾਬੀ ਅਖ਼ਬਾਰ, ਪਟਿਆਲਾ

Shaheed-e-Azam
PRINTING PRESS
Customized and Designer
- Wedding Invitations
- Wedding Boxes (MDF/Acrylic/Folding)
- Shagun Envelop
- Sahi Chithi
98881-88887

PRGI (RNI) Regd. No. 42354 | Website : www.shaheedeazamnews.com | e-mail:seanewspatiala@gmail.com | Tel.: 0175-5124275, 9814632807 | Facebook: ShaheedeAzamnews | Youtube: @ShaheedeAzamnews

Year: 43 Issue : 90 Chief Editor : Chowdhary Prabhjit Singh, Editor : Chhatarpal Singh 98146-32807, Tuesday 20 September 2026 Price : 2 Rs.


## ਏਸ਼ੀਆਈ ਖੇਡਾਂ ਦਿਨ 2: ਨਿਸ਼ਾਨੇਬਾਜ਼ੀ, ਐੱਮ.ਐੱਮ.ਏ., ਹਾਕੀ ਤੇ ਕਬੱਡੀ 'ਤੇ ਰਹਿਣਗੀਆਂ ਨਜ਼ਰਾਂ

### ਭਾਰਤ ਤਗਮਿਆਂ ਦੀ ਗਿਣਤੀ ਵਧਾਉਣ ਲਈ ਮੈਦਾਨ 'ਚ ਉਤਰੇਗਾ

**ਆਈਚੀ-ਨਾਗੋਆ [ਜਾਪਾਨ], 21 ਸਤੰਬਰ (ਚੌਧਰੀ ਪ੍ਰਭਜੀਤ ਸਿੰਘ):** ਏਸ਼ੀਆਈ ਖੇਡਾਂ 2026 ਦੇ ਦੂਜੇ ਦਿਨ ਸੋਮਵਾਰ ਨੂੰ ਭਾਰਤੀ ਖਿਡਾਰੀ ਆਪਣੀ ਤਗਮਿਆਂ ਦੀ ਗਿਣਤੀ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਮੈਦਾਨ ਵਿੱਚ ਉਤਰਨਗੇ। ਅੱਜ ਦੇ ਦਿਨ ਨਿਸ਼ਾਨੇਬਾਜ਼ੀ (Shooting), ਮਿਕਸਡ ਮਾਰਸ਼ਲ ਆਰਟਸ , ਹਾਕੀ, ਕਬੱਡੀ ਅਤੇ ਟੇਬਲ ਟੈਨਿਸ ਵਰਗੇ ਅਹਿਮ ਮੁਕਾਬਲਿਆਂ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਣਗੀਆਂ। ਪਹਿਲੇ ਦਿਨ ਨਿਸ਼ਾਨੇਬਾਜ਼ੀ ਵਿੱਚ ਦੋ ਚਾਂਦੀ ਦੇ ਤਗਮੇ ਜਿੱਤਣ ਤੋਂ ਬਾਅਦ, ਭਾਰਤ ਕੋਲ ਪੁਰਸ਼ਾਂ ਦੇ 10 ਮੀਟਰ ਏਅਰ ਰਾਈਫਲ ਮੁਕਾਬਲੇ ਵਿੱਚ ਇੱਕ ਹੋਰ ਤਗਮਾ ਜਿੱਤਣ ਦਾ ਵਧੀਆ ਮੌਕਾ ਹੋਵੇਗਾ। ਇਸ ਮੁਕਾਬਲੇ ਵਿੱਚ ਹਿਮਾਂਸ਼ੂ ਢਿੱਲੋਂ, ਪਾਰਥ ਮਾਨੇ ਅਤੇ ਰੁਦ੍ਰਾਂਕਸ਼ ਪਾਟਿਲ ਕੁਆਲੀਫਿਕੇਸ਼ਨ ਅਤੇ ਟੀਮ ਫਾਈਨਲ ਵਿੱਚ ਹਿੱਸਾ ਲੈਣਗੇ, ਜਦਕਿ ਵਿਅਕਤੀਗਤ ਫਾਈਨਲ ਸਵੇਰੇ 9 ਵਜੇ ਖੇਡਿਆ ਜਾਵੇਗਾ।

**ਮਿਕਸਡ ਮਾਰਸ਼ਲ ਆਰਟਸ ਅਤੇ ਟੀਮ ਮੁਕਾਬਲੇ**

ਮਿਕਸਡ ਮਾਰਸ਼ਲ ਆਰਟਸ ਵਿੱਚ ਭਾਰਤ ਦੀ ਸੁਚਿਕਾ ਤਰੀਆਲ ਔਰਤਾਂ ਦੇ 60 ਕਿਲੋਗ੍ਰਾਮ ਸੈਮੀਫਾਈਨਲ ਵਿੱਚ ਸਿੰਗਾਪੁਰ ਦੀ ਟਿਓ ਹੁਈ ਹੂਨ ਨਾਲ ਭਿੜੇਗੀ। ਸੁਚਿਕਾ ਪਹਿਲਾਂ ਹੀ ਭਾਰਤ ਲਈ ਇੱਕ ਤਗਮਾ ਪੱਕਾ ਕਰ ਚੁੱਕੀ ਹੈ ਅਤੇ ਉਸ ਦੀ ਨਜ਼ਰ ਫਾਈਨਲ ਵਿੱਚ ਪਹੁੰਚ ਕੇ ਸੋਨ ਤਗਮੇ 'ਤੇ ਕਬਜ਼ਾ ਕਰਨ 'ਤੇ ਹੋਵੇਗੀ। ਭਾਰਤੀ ਔਰਤਾਂ ਦੀ ਹਾਕੀ ਟੀਮ ਆਪਣੇ ਦੂਜੇ ਪੂਲ-ਬੀ ਮੈਚ ਵਿੱਚ ਇੰਡੋਨੇਸ਼ੀਆ ਦਾ ਸਾਹਮਣਾ ਕਰੇਗੀ। ਇਸ ਤੋਂ ਪਹਿਲਾਂ ਭਾਰਤੀ ਟੀਮ ਨੇ ਉਜ਼ਬੇਕਿਸਤਾਨ ਨੂੰ 19-0 ਨਾਲ ਕਰਾਰੀ ਹਾਰ ਦਿੱਤੀ ਸੀ। ਇਸ ਤੋਂ ਇਲਾਵਾ, ਪੁਰਸ਼ ਅਤੇ ਮਹਿਲਾ ਕਬੱਡੀ ਟੀਮਾਂ ਵੀ ਅੱਜ ਤੋਂ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੀਆਂ, ਜਦਕਿ ਟੇਬਲ ਟੈਨਿਸ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਜ਼ਬਰਦਸਤ ਮੁਕਾਬਲਾ ਦੇਖਣ ਨੂੰ ਮਿਲੇਗਾ।

ਏਸ਼ੀਆਈ ਖੇਡਾਂ 2026: ਦਿਨ 2 ਦਾ ਪੂਰਾ ਭਾਰਤੀ ਸ਼ਡਿਊਲ (ਭਾਰਤੀ ਸਮੇਂ ਅਨੁਸਾਰ)

ਸਵੇਰ ਦੇ ਮੁਕਾਬਲੇ:

ਸਵੇਰੇ 5:30 ਵਜੇ: ਸੌਫਟ ਟੈਨਿਸ - ਆਧਿਆ ਤਿਵਾਰੀ ਅਤੇ ਜੈ ਮੀਨਾ (ਮਿਕਸਡ ਡਬਲਜ਼ ਗਰੁੱਪ 2) ਬਨਾਮ ਕੰਬੋਡੀਆ

ਸਵੇਰੇ 5:30 ਵਜੇ: ਵੂਸ਼ੂ - ਨਿਯਮਨ ਵਾਂਗਸੂ (ਔਰਤਾਂ ਦੇ ਚਾਂਗਕੁਆਨ ਫਾਈਨਲ)

ਸਵੇਰੇ 5:30 ਵਜੇ: ਸੇਪਕਟਾਕਰਾ - ਭਾਰਤ ਬਨਾਮ ਜਾਪਾਨ (ਪੁਰਸ਼ ਟੀਮ ਰੇਗੂ ਗਰੁੱਪ 2)

ਸਵੇਰੇ 6:15 ਵਜੇ: ਟੇਬਲ ਟੈਨਿਸ - ਭਾਰਤ ਬਨਾਮ ਪਾਕਿਸਤਾਨ (ਮਹਿਲਾ ਟੀਮ ਗਰੁੱਪ 6) ਸਵੇਰੇ 6:15 ਵਜੇ: ਨਿਸ਼ਾਨੇਬਾਜ਼ੀ - ਹਿਮਾਂਸ਼ੂ ਢਿੱਲੋਂ, ਪਾਰਥ ਮਾਨੇ, ਰੁਦ੍ਰਾਂਕਸ਼ ਪਾਟਿਲ (ਪੁਰਸ਼ 10✡ ਏਅਰ ਰਾਈਫਲ ਕੁਆਲੀਫਿਕੇਸ਼ਨ ਤੇ ਟੀਮ ਫਾਈਨਲ)

ਸਵੇਰੇ 6:30 ਵਜੇ: ਨਿਸ਼ਾਨੇਬਾਜ਼ੀ - ਮੈਰਾਜ ਖ਼ਾਨ, ਅਨੰਤ ਜੀਤ ਸਿੰਘ ਨਰੂਕਾ, ਭਵਤੇਗ ਸਿੰਘ ਗਿੱਲ (ਪੁਰਸ਼ ਸਕੀਟ ਵਿਅਕਤੀਗਤ ਤੇ ਟੀਮ ਫਾਈਨਲ - ਦਿਨ 1)

ਸਵੇਰੇ 6:30 ਵਜੇ: ਨਿਸ਼ਾਨੇਬਾਜ਼ੀ - ਪਰੀਨਾਜ਼ ਧਾਲੀਵਾਲ, ਰਾਇਜ਼ਾ ਢਿੱਲੋਂ, ਮਹੇਸ਼ਵਰੀ ਚੌਹਾਨ (ਮਹਿਲਾ ਸਕੀਟ ਵਿਅਕਤੀਗਤ ਤੇ ਟੀਮ ਫਾਈਨਲ - ਦਿਨ 1)

ਸਵੇਰੇ 6:32 ਵਜੇ ਤੋਂ: ਤੈਰਾਕੀ - ਰਿਸ਼ਭ ਦਾਸ, ਸ਼੍ਰੀਹਰੀ ਨਟਰਾਜ (50✡ ਬੈਕਸਟ੍ਰੋਕ), ਮਣੀ ਆਕਾਸ਼, ਗੀਤੇਸ਼ ਸ਼ਾਹ (50✡ ਫ੍ਰੀਸਟਾਈਲ), ਅਤੇ ਧਨੁਸ਼ ਸੁਰੇਸ਼ (100✡ ਬ੍ਰੈਸਟਸਟ੍ਰੋਕ ਹੀਟਸ)

ਸਵੇਰੇ 8:00 ਵਜੇ: ਐੱਮ.ਐੱਮ.ਏ. ($$1) - ਸੁਚਿਕਾ ਤਰੀਆਲ ਬਨਾਮ ਟਿਓ ਹੁਈ ਹੂਨ (ਔਰਤਾਂ ਦਾ F@kg ਸੈਮੀਫਾਈਨਲ)

ਸਵੇਰੇ 9:00 ਵਜੇ: ਨਿਸ਼ਾਨੇਬਾਜ਼ੀ - ਪੁਰਸ਼ 10✡ ਏਅਰ ਰਾਈਫਲ ਵਿਅਕਤੀਗਤ ਫਾਈਨਲ (ਕੁਆਲੀਫਾਈ ਕਰਨ 'ਤੇ)

ਸਵੇਰੇ 9:30 ਵਜੇ: ਹਾਕੀ - ਭਾਰਤ ਬਨਾਮ ਇੰਡੋਨੇਸ਼ੀਆ (ਮਹਿਲਾ ਪੂਲ 2)

ਸਵੇਰੇ 9:45 ਵਜੇ: ਕਬੱਡੀ - ਭਾਰਤ ਬਨਾਮ ਜਾਪਾਨ (ਪੁਰਸ਼ ਗਰੁੱਪ 1)

ਸਵੇਰੇ 11:30 ਵਜੇ: ਬੈਡਮਿੰਟਨ - ਭਾਰਤ ਬਨਾਮ ਬੰਗਲਾਦੇਸ਼ (ਪੁਰਸ਼ ਟੀਮ ਪਹਿਲਾ ਰਾਊਂਡ)

## ਗ੍ਰਿੱਡ ਦੇ ਪ੍ਰਿੰਸੀਪਲ ਨੂੰ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ

**ਨਵੀਂ ਦਿੱਲੀ, 21 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**



ਸਥਿਤ 'ਗਵਰਨਮੈਂਟ ਰੀਹੈਬਿਲਿਟੇਸ਼ਨ ਇੰਸਟੀਟਿਊਟ ਫੌਰ ਇੰਟੈਲੈਕਚੁਅਲ ਡਿਸਏਬਿਲਿਟੀਜ਼' (ਗ੍ਰਿੱਡ), ਸੈਕਟਰ-31, ਚੰਡੀਗੜ੍ਹ ਦੇ ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਨੂੰ ਨਵੀਂ ਦਿੱਲੀ ਸਥਿਤ 'ਇੰਡੀਅਨ ਸੋਸਾਇਟੀ ਆਵ? ਇੰਟਰਨੈਸ਼ਨਲ ਲਾਅ', ਸੁਪਰੀਮ ਕੋਰਟ ਕੰਪਲੈਕਸ ਵਿਖੇ ਆਯੋਜਿਤ ਸਮਾਰੋਹ ਦੌਰਾਨ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਨੂੰ ਇਹ ਅਵਾਰਡ ਵਿਸ਼ੇਸ਼ ਸਿੱਖਿਆ ਅਤੇ ਬੌਧਿਕ ਦਿੱਵਯਾਂਗਜਨਾਂ ਦੇ ਪੁਨਰਵਾਸ, ਸਮਾਵੇਸ਼ਨ ਅਤੇ ਸਸ਼ਕਤੀਕਰਣ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ। 'ਅੰਤਰਰਾਸ਼ਟਰੀਯ ਸਮਰਸਤਾ ਮੰਚ' ਵੱਲੋਂ ਆਯੋਜਿਤ ਇਸ ਸਮਾਰੋਹ ਵਿੱਚ ਵਿਭਿੰਨ ਉੱਘੀਆਂ ਸ਼ਖ਼ਸੀਅਤਾਂ, ਸਿੱਖਿਆ ਸ਼ਾਸਤਰੀਆਂ ਅਤੇ ਸਹਿਭਾਗੀ ਦੇਸ਼ਾਂ ਨਾਲ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਇਸ ਅਵਸਰ 'ਤੇ ਦੇਸ਼ ਦੇ ਵਿਭਿੰਨ ਰਾਜਾਂ ਦੇ ਕੁੱਲ 51 ਅਧਿਆਪਕਾਂ ਨੂੰ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਅਤੇ 'ਸ਼ਿਕਸ਼ਕ ਗੌਰਵ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸ਼੍ਰੀ ਅਨਿਲ ਕੁਮਾਰ ਨੇ ਆਯੋਜਕਾਂ ਦਾ ਆਭਾਰ ਵਿਅਕਤ ਕਰਦੇ ਹੋਏ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਬੌਧਿਕ ਦਿੱਵਯਾਂਗਜਨਾਂ ਦੀ ਸਿੱਖਿਆ ਅਤੇ ਸਸ਼ਕਤੀਕਰਣ ਲਈ ਨਿਰੰਤਰ ਕਾਰਜ ਕਰਨ ਦੀ ਪ੍ਰੇਰਣਾ ਦੇਵੇਗਾ। ਉਨ੍ਹਾਂ ਨੇ ਇਸ ਉਪਲਬਧੀ ਦਾ ਕ੍ਰੈਡਿਟ ਨੂੰ ਗ੍ਰਿੱਡ ਦੀ ਪੂਰੀ ਟੀਮ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਵਯਾਂਗਜਨਾਂ ਦੇ ਕਲਿਆਣ ਲਈ ਕਾਰਜਰਤ ਸਾਰੇ ਹਿਤਧਾਰਕਾਂ ਨੂੰ ਦਿੱਤਾ।




## 5 ਤਰਜੀਹਾਂ, ਇੱਕ ਮਿਸ਼ਨ: ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 'ਬਿਗ 5' ਮੁਹਿੰਮ

**ਚੰਡੀਗੜ੍ਹ 19 ਸਤੰਬਰ**
**-ਛਤਰਪਾਲ ਸਿੰਘ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਵਿੱਚ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹੁਣ ਸਿਰਫ਼ ਰਵਾਇਤੀ ਪੁਲਿਸ ਕਾਰਵਾਈ ਤੱਕ ਸੀਮਤ ਨਹੀਂ ਰਹੀ, ਸਗੋਂ ਨਸ਼ਿਆਂ ਖ਼ਿਲਾਫ਼ ਪੰਜ-ਸੂਤਰੀ ਵਿਆਪਕ ਰਣਨੀਤੀ ਵਜੋਂ ਅੱਗੇ ਵੱਧ ਰਹੀ ਹੈ। ਇਸ ਤਹਿਤ ਪੁਲਿਸ, ਅਧਿਆਪਕ, ਭਾਈਚਾਰਕ ਵਲੰਟੀਅਰ, ਨੌਜਵਾਨ ਅਤੇ ਸਿਹਤ ਕਰਮਚਾਰੀ ਮਿਲ ਕੇ ਨਸ਼ਿਆਂ ਦੀ ਸਪਲਾਈ ਦੇ ਨੈੱਟਵਰਕ 'ਤੇ ਕਾਰਵਾਈ ਕਰਨ, ਨਸ਼ਿਆਂ ਦੀ ਰੋਕਥਾਮ ਕਰਨ, ਰਿਪੋਰਟਿੰਗ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਨੂੰ ਸਮੇਂ ਸਿਰ ਇਲਾਜ ਮੁਹੱਈਆ ਕਰਵਾਉਣ ਲਈ ਕੰਮ ਕਰ ਰਹੇ ਹਨ।

ਸੁਨੇਹਾ ਸਪੱਸ਼ਟ ਹੈ: ਪੰਜਾਬ ਨਸ਼ਿਆਂ ਖ਼ਿਲਾਫ਼ ਲੜਾਈ ਸਿਰਫ਼ ਥਾਣਿਆਂ ਤੋਂ ਨਹੀਂ ਲੜੇਗਾ। ਇਹ ਲੜਾਈ ਹੁਣ ਪਿੰਡਾਂ, ਸਕੂਲਾਂ, ਕਾਲਜਾਂ, ਭਾਈਚਾਰਿਆਂ ਅਤੇ ਸਿਹਤ ਕੇਂਦਰਾਂ ਤੱਕ ਪਹੁੰਚ ਰਹੀ ਹੈ। ਜਿੱਥੇ ਪੁਲਿਸ ਨਸ਼ਿਆਂ ਦੀ ਸਪਲਾਈ ਦੇ ਨੈੱਟਵਰਕ ਨੂੰ ਤੋੜਨ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਨ ਵਿੱਚ ਜੁਟੀ ਹੋਈ ਹੈ, ਉੱਥੇ ਭਾਈਚਾਰਕ ਨੁਮਾਇੰਦੇ ਜ਼ਮੀਨੀ ਪੱਧਰ 'ਤੇ ਨਿਗਰਾਨੀ ਨੂੰ ਮਜ਼ਬੂਤ ਕਰ ਰਹੇ ਹਨ। ਅਧਿਆਪਕ ਨੌਜਵਾਨਾਂ ਦੇ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆਉਣ ਤੋਂ ਪਹਿਲਾਂ ਹੀ ਖ਼ਤਰੇ ਦੇ ਸੰਕੇਤਾਂ ਦੀ ਪਛਾਣ ਕਰਨ ਵਿੱਚ ਮਦਦ ਕਰ ਰਹੇ ਹਨ, ਜਦਕਿ ਨੌਜਵਾਨਾਂ ਵੱਲੋਂ ਕਿਸ਼ੋਰਾਂ ਅਤੇ ਨੌਜਵਾਨਾਂ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ, ਮਾਨਸਿਕ ਸਿਹਤ ਅਤੇ ਸਿਹਤਮੰਦ ਜੀਵਨ-ਸ਼ੈਲੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਸਿਹਤ ਕਰਮਚਾਰੀ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਨੂੰ ਇਲਾਜ ਅਤੇ ਸੁਧਾਰ ਵੱਲ ਜਾਣ ਦਾ ਰਾਹ ਮੁਹੱਈਆ ਕਰਵਾ ਰਹੇ ਹਨ।

ਇਸ ਪਹਿਲ ਦਾ ਉਦੇਸ਼ ਨਸ਼ੇ ਵੇਚਣਾ ਮੁਸ਼ਕਲ ਬਣਾਉਣਾ, ਨਸ਼ਾ ਤਸਕਰੀ ਦੀ ਸੂਚਨਾ ਦੇਣਾ ਆਸਾਨ ਕਰਨਾ, ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸਣ ਤੋਂ ਰੋਕਣਾ ਅਤੇ ਨਸ਼ਿਆਂ ਦੀ ਲਤ ਨਾਲ ਜੂਝ ਰਹੇ ਲੋਕਾਂ ਲਈ ਇਲਾਜ ਹਾਸਲ ਕਰਨਾ ਆਸਾਨ ਬਣਾਉਣਾ ਹੈ। ਇਹ ਪੰਜ-ਸੂਤਰੀ ਰਣਨੀਤੀ ਇਨਫੋਰਸਮੈਂਟ ਅਤੇ ਰੋਕਥਾਮ ਦੇ ਨਾਲ-ਨਾਲ ਮੁੜ ਵਸੇਬੇ ਨੂੰ ਵੀ ਬਰਾਬਰ ਮਹੱਤਵ ਦਿੰਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਨਸ਼ਿਆਂ ਖ਼ਿਲਾਫ਼ ਲਗਾਤਾਰ ਜੰਗ ਲਈ ਸਮਾਜ ਦੇ ਹਰ ਪੱਧਰ ਦੀ ਭਾਗੀਦਾਰੀ ਜ਼ਰੂਰੀ ਹੈ।

**ਪੁਲਿਸ ਕਾਰਵਾਈ: ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨਾ**

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਪੁਲਿਸ ਦੀ ਅਹਿਮ ਭੂਮਿਕਾ ਹੈ। ਮਾਰਚ 2025 ਤੋਂ ਸਤੰਬਰ 2026 ਤੱਕ ਪੰਜਾਬ ਦੀ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਨੇ 61,824 ਐਫਆਈਆਰ ਦਰਜ ਕੀਤੀਆਂ ਅਤੇ 81,433 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, ਇਨ੍ਹਾਂ ਵਿੱਚ 3918 ਕਿਲੋਗ੍ਰਾਮ ਹੈਰੋਇਨ,991 ਕਿਲੋਗ੍ਰਾਮ ਅਫ਼ੀਮ, 47 ਟਨ ਭੁੱਕੀ, 1416 ਕਿਲੋਗ੍ਰਾਮ ਗਾਂਜਾ ਅਤੇ 65 ਲੱਖ ਗੋਲੀਆਂ ਤੇ ਕੈਪਸੂਲ ਸ਼ਾਮਲ ਹਨ। ਇਸੇ ਸਮੇਂ ਦੌਰਾਨ, ਪੰਜਾਬ ਪੁਲਿਸ ਵੱਲੋਂ 79,293 ਜਨਤਕ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਰਾਹੀਂ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਸਿੱਧੇ ਤੌਰ 'ਤੇ ਭਾਈਚਾਰਿਆਂ ਤੱਕ ਪਹੁੰਚਾਇਆ ਗਿਆ ਅਤੇ ਨਸ਼ਿਆਂ ਖ਼ਿਲਾਫ਼ ਲੜਾਈ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਮਜ਼ਬੂਤ ਕੀਤਾ ਗਿਆ।

**ਅਧਿਆਪਕ: ਨਸ਼ਿਆਂ ਦੀ ਲਤ ਲੱਗਣ ਤੋਂ ਪਹਿਲਾਂ ਹੀ ਰੋਕਥਾਮ**

'ਬਿਗ 5' ਦਾ ਦੂਜਾ ਥੰਮ੍ਹ ਰੋਕਥਾਮ 'ਤੇ ਕੇਂਦਰਿਤ ਹੈ, ਕਿਉਂਕਿ ਨਸ਼ਿਆਂ ਖ਼ਿਲਾਫ਼ ਲੜਾਈ ਉਸ ਸਮੇਂ ਸ਼ੁਰੂ ਨਹੀਂ ਹੋ ਸਕਦੀ ਜਦੋਂ ਕੋਈ ਨੌਜਵਾਨ ਪਹਿਲਾਂ ਹੀ ਨਸ਼ਿਆਂ ਦੀ ਲਤ ਦਾ ਸ਼ਿਕਾਰ ਹੋ ਚੁੱਕਾ ਹੋਵੇ। ਸਿਖਲਾਈ ਪ੍ਰਾਪਤ ਅਧਿਆਪਕਾਂ ਵੱਲੋਂ 3,600 ਸਕੂਲਾਂ ਵਿੱਚ 7.5 ਲੱਖ ਵਿਦਿਆਰਥੀਆਂ ਨੂੰ 14 ਹਫ਼ਤਿਆਂ ਦਾ ਨਸ਼ਾ-ਵਿਰੋਧੀ ਪਾਠਕ੍ਰਮ ਪੜ੍ਹਾਇਆ ਜਾ ਰਿਹਾ ਹੈ। ਸਰਕਾਰ ਵੱਲੋਂ ਸਾਰੇ ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਨੂੰ ਪੜਾਅਵਾਰ ਢੰਗ ਨਾਲ ਜਾਗਰੂਕ ਵੀ ਕੀਤਾ ਜਾ ਰਿਹਾ ਹੈ, ਤਾਂ ਜੋ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ, ਨਸ਼ਿਆਂ ਵੱਲ ਵਧਣ ਦੇ ਖ਼ਤਰੇ ਅਤੇ ਸਮੇਂ ਸਿਰ ਦਖ਼ਲ ਦੇ ਤਰੀਕਿਆਂ ਦੇ ਸ਼ੁਰੂਆਤੀ ਸੰਕੇਤਾਂ ਦੀ ਪਛਾਣ ਕੀਤੀ ਜਾ ਸਕੇ।

ਪਹਿਲੇ ਪੜਾਅ ਵਿੱਚ 13 ਜ਼ਿਲ੍ਹਿਆਂ ਦੇ ਲਗਭਗ 25,000 ਅਧਿਆਪਕਾਂ ਨੂੰ ਸਿਖਲਾਈ ਦੇਣ ਦੀ ਯੋਜਨਾ ਹੈ। ਅੰਮ੍ਰਿਤਸਰ, ਤਰਨਤਾਰਨ ਅਤੇ ਫ਼ਾਜ਼ਿਲਕਾ ਵਿੱਚ 7,000 ਅਧਿਆਪਕਾਂ ਨੂੰ ਪਹਿਲਾਂ ਹੀ ਜਾਗਰੂਕ ਕੀਤਾ ਜਾ ਚੁੱਕਾ ਹੈ। ਇਸ ਪਹਿਲ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਧਿਆਪਕ ਸਿਰਫ਼ ਕਲਾਸਰੂਮ ਤੱਕ ਸੀਮਤ ਨਾ ਰਹਿਣ, ਸਗੋਂ ਨਸ਼ਿਆਂ ਖ਼ਿਲਾਫ਼ ਇੱਕ ਵਾਧੂ ਸੁਰੱਖਿਆ ਕੜੀ ਵਜੋਂ ਵੀ ਕੰਮ ਕਰਨ, ਉਹ ਦੇ ਸ਼ੁਰੂਆਤੀ ਲੱਛਣਾਂ ਦੀ ਪਛਾਣ ਕਰਨ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਯੋਗ ਸਹਾਇਤਾ ਨਾਲ ਜੋੜਨ ਦੇ ਸਮਰੱਥ ਹੋਣ। ਨੌਜਵਾਨ ਅਤੇ ਸਾਥੀ ਨੈੱਟਵਰਕ: ਨਸ਼ਿਆਂ ਦੇ ਆਲੇ-ਦੁਆਲੇ ਦੇ ਸਮਾਜਿਕ ਮਾਹੌਲ ਵਿੱਚ ਬਦਲਾਅ

ਤੀਜਾ ਥੰਮ੍ਹ ਨਸ਼ੇ ਦੀ ਵਰਤੋਂ ਦੇ ਸਭ ਤੋਂ ਔਖੇ ਪਹਿਲੂ ਸਾਥੀਆਂ ਦੇ ਪ੍ਰਭਾਵ ਅਤੇ ਸਮਾਜਿਕ ਪ੍ਰਵਾਨਗੀ 'ਤੇ ਕੇਂਦਰਿਤ ਹੈ। ਇਸ ਪਹਿਲ ਤਹਿਤ ਸਕੂਲਾਂ ਅਤੇ ਕਾਲਜਾਂ ਦੇ ਪ੍ਰੋਗਰਾਮਾਂ ਵਿੱਚ ਸਾਥੀ ਭਾਗੀਦਾਰੀ, ਨਸ਼ਿਆਂ ਦੀ ਲਤ ਤੋਂ ਉੱਭਰ ਚੁੱਕੇ ਲੋਕਾਂ ਦੀ ਸ਼ਮੂਲੀਅਤ ਅਤੇ ਨੌਜਵਾਨਾਂ ਦੀ ਅਗਵਾਈ ਵਾਲੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਤਾਂ ਜੋ ਨੌਜਵਾਨਾਂ ਲਈ ਨਸ਼ਿਆਂ ਨੂੰ 'ਨਾ' ਕਰਨਾ ਸਮਾਜਿਕ ਤੌਰ 'ਤੇ ਆਸਾਨ ਬਣਾਇਆ ਜਾ ਸਕੇ ਅਤੇ ਇਸ ਸੁਧਾਰ ਨੂੰ ਕਲੰਕ ਨਾ ਮੰਨਿਆ ਜਾਵੇ।

## ਮੁਅੱਤਲ ਡੀ.ਆਈ.ਜੀ. ਐਚ.ਐਸ. ਭੁੱਲਰ ਖ਼ਿਲਾਫ਼ ਸ਼ਿਕਾਇਤਕਰਤਾ ਆਕਾਸ਼ ਬੱਟਾ ਗਵਾਹੀ ਲਈ ਤਲਬ

**ਚੰਡੀਗੜ੍ਹ 19 ਸਤੰਬਰ**
**-ਛਤਰਪਾਲ ਸਿੰਘ-**

ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਐੱਚ.ਐੱਸ. ਭੁੱਲਰ ਨਾਲ ਸਬੰਧਤ ਭ੍ਰਿਸ਼ਟਾਚਾਰ ਮਾਮਲੇ ਵਿੱਚ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਅਗਲੇ ਸਰਕਾਰੀ ਗਵਾਹ ਵਜੋਂ ਤਲਬ ਕਰਨ ਦੀ ਸੀਬੀਆਈ ਦੀ ਅਰਜ਼ੀ ਨੂੰ ਮਨਜ਼ੂਰ ਮਿਲ ਗਈ ਹੈ। ਵਿਸ਼ੇਸ਼ ਜੱਜ ਭਾਵਨਾ ਜੈਨ ਦੀ ਚੰਡੀਗੜ੍ਹ ਸਥਿਤ ਸੀਬੀਆਈ ਅਦਾਲਤ ਨੇ ਇਹ ਮਨਜ਼ੂਰੀ ਦਿੱਤੀ ਹੈ।

ਸੀਬੀਆਈ ਨੇ ਪਬਲਿਕ ਪ੍ਰੋਸੀਕਿਊਟਰ ਨਰਿੰਦਰ ਸਿੰਘ ਰਾਹੀਂ ਦਾਇਰ ਅਰਜ਼ੀ ਵਿੱਚ ਕਿਹਾ ਕਿ ਕਥਿਤ ਭ੍ਰਿਸ਼ਟਾਚਾਰ ਦਾ ਇਹ ਮਾਮਲਾ ਇਸ ਅਦਾਲਤ ਸਾਹਮਣੇ ਵਿਚਾਰਅਧੀਨ ਹੈ ਅਤੇ ਕਾਨੂੰਨ ਅਨੁਸਾਰ ਸਰਕਾਰੀ ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਇਸ ਮਕਸਦ ਲਈ ਬਰਾਮਦਗੀ ਦੇ ਗਵਾਹ ਰਾਜਕੁਮਾਰ ਨੂੰ 24 ਸਤੰਬਰ, 2026 ਲਈ ਪਹਿਲਾਂ ਹੀ ਤਲਬ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਆਕਾਸ਼ ਬੱਟਾ ਇਸ ਮਾਮਲੇ ਦਾ ਮੁੱਖ ਗਵਾਹ ਹੈ ਅਤੇ ਮੌਜੂਦਾ ਕੇਸ ਦੇ ਸਹੀ ਨਿਪਟਾਰੇ ਲਈ ਉਸ ਦੀ ਗਵਾਹੀ ਬਹੁਤ ਜ਼ਰੂਰੀ ਹੈ। ਸਰਕਾਰੀ ਪੱਖ (ਪ੍ਰੋਸੀਕਿਊਸ਼ਨ) ਨੇ ਇਸ ਅਦਾਲਤ ਵਿੱਚ ਦਾਇਰ ਦੋਸ਼-ਪੱਤਰ (ਚਾਰਜਸ਼ੀਟ) ਵਿੱਚ ਆਕਾਸ਼ ਬੱਟਾ ਨੂੰ ਪਹਿਲਾਂ ਹੀ ਗਵਾਹ ਵਜੋਂ ਨਾਮਜ਼ਦ ਕੀਤਾ ਹੋਇਆ ਹੈ।



ਇਸ ਲਈ, ਸ਼ਿਕਾਇਤ ਤੱਕ ਪਹੁੰਚਣ ਦੇ ਹਾਲਾਤ, ਰਿਸ਼ਵਤ ਦੀ ਮੰਗ, ਪੜਤਾਲੀਆ ਕਾਰਵਾਈ, ਟਰੈਪ (ਜਾਲ) ਲਗਾਉਣ ਤੋਂ ਪਹਿਲਾਂ ਦੀ ਕਾਰਵਾਈ, ਟਰੈਪ ਦੀ ਕਾਰਵਾਈ ਅਤੇ ਰਿਸ਼ਵਤ ਦੀ ਰਕਮ ਦੀ ਪ੍ਰਾਪਤੀ ਤੇ ਬਰਾਮਦਗੀ ਸਮੇਤ ਕੇਸ ਦੇ ਮਹੱਤਵਪੂਰਨ ਤੱਥਾਂ ਨੂੰ ਸਾਬਤ ਕਰਨ ਲਈ ਉਸ ਦੀ ਪੁੱਛਗਿੱਛ ਜ਼ਰੂਰੀ ਹੈ।

ਸੀਬੀਆਈ ਨੇ ਦੱਸਿਆ ਕਿ ਮੁਲਜ਼ਮ ਐੱਚ.ਐੱਸ. ਭੁੱਲਰ ਦੀ ਜ਼ਮਾਨਤ ਦਾ ਮਾਮਲਾ ਵੀ ਭਾਰਤ ਦੀ ਸੁਪਰੀਮ ਕੋਰਟ ਵਿੱਚ ਐੱਸ.ਐੱਲ.ਪੀ. ਹੇਠ ਵਿਚਾਰਅਧੀਨ ਹੈ। ਸੁਪਰੀਮ ਕੋਰਟ ਵਿੱਚ 15 ਸਤੰਬਰ, 2026 ਨੂੰ ਜ਼ਮਾਨਤ ਮਾਮਲੇ ਦੀ ਅੰਸ਼ਕ ਸੁਣਵਾਈ ਹੋਈ ਸੀ ਅਤੇ ਇਸ ਨੂੰ 27 ਅਕਤੂਬਰ, 2026 ਨੂੰ ਸੂਚੀਬੱਧ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਸੀਬੀਆਈ ਵੱਲੋਂ ਪੇਸ਼ ਹੋਏ ਵਕੀਲ ਨੂੰ ਜ਼ਬਾਨੀ ਹਦਾਇਤ ਕੀਤੀ ਗਈ ਸੀ ਕਿ ਉਹ ਰਾਜ ਕੁਮਾਰ (ਬਰਾਮਦਗੀ ਦੇ ਗਵਾਹ) ਦੀ ਪੁੱਛਗਿੱਛ ਤੋਂ ਪਹਿਲਾਂ 24 ਸਤੰਬਰ, 2026 ਦੀ ਨਿਰਧਾਰਤ ਤਰੀਕ ਨੂੰ ਸ਼ਿਕਾਇਤਕਰਤਾ ਆਕਾਸ਼ ਬੱਟਾ ਦੀ ਪੁੱਛਗਿੱਛ ਪੂਰੀ ਕਰਵਾਉਣਾ ਯਕੀਨੀ ਬਣਾਉਣ।

ਉਪਰੋਕਤ ਨਿਰਦੇਸ਼ਾਂ ਅਤੇ ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਇਹ ਮਾਮਲਾ 27 ਅਕਤੂਬਰ, 2026 ਨੂੰ ਸੁਪਰੀਮ ਕੋਰਟ ਸਾਹਮਣੇ ਵਿਚਾਰਿਆ ਜਾਣਾ ਹੈ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਤਲਬ ਕੀਤਾ ਜਾਵੇ ਅਤੇ ਉਸ ਦੀ ਪੁੱਛਗਿੱਛ ਪਹਿਲਾਂ ਤੋਂ ਨਿਰਧਾਰਤ ਤਰੀਕ 24 ਸਤੰਬਰ, 2026 ਨੂੰ ਹੀ ਕੀਤੀ ਜਾਵੇ।

ਮੁਲਜ਼ਮ ਦੇ ਵਕੀਲ ਐੱਸ.ਪੀ.ਐੱਸ. ਭੁੱਲਰ ਨੇ ਇਸ ਅਰਜ਼ੀ 'ਤੇ ਕੋਈ ਇਤਰਾਜ਼ ਨਹੀਂ ਜਤਾਇਆ। ਬਹਿਸ ਸੁਣਨ ਤੋਂ ਬਾਅਦ ਸੀਬੀਆਈ ਅਦਾਲਤ ਨੇ ਸੀਬੀਆਈ ਦੀ ਇਸ ਅਰਜ਼ੀ ਨੂੰ ਪ੍ਰਵਾਨ ਕਰਦਿਆਂ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਅਗਲੇ ਸਰਕਾਰੀ ਗਵਾਹ ਵਜੋਂ ਤਲਬ ਕਰਨ ਦੀ ਇਜਾਜ਼ਤ ਦੇ ਦਿੱਤੀ।

## ਇਟਲੀ ਦੇ ਸਕੂਲਾਂ ਵਿੱਚ ਬੁਰਕੇ ਅਤੇ ਨਕਾਬ 'ਤੇ ਲੱਗੇਗੀ ਰੋਕ, ਪ੍ਰਤੀ ਜਮਾਤ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵੀ ਹੋਵੇਗੀ ਤੈਅ: ਪ੍ਰਧਾਨ ਮੰਤਰੀ ਮੈਲੋਨੀ

**ਰੋਮ [ਇਟਲੀ], 21 ਸਤੰਬਰ (ਹਰਸ਼ਪ੍ਰੀਤ ਕੌਰ):** ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਨੇ ਦੇਸ਼ ਦੇ ਸਕੂਲਾਂ ਵਿੱਚ ਬੁਰਕੇ ਅਤੇ ਨਕਾਬ ਵਰਗੇ ਮੂੰਹ ਢੱਕਣ ਵਾਲੇ ਪਹਿਰਾਵੇ 'ਤੇ ਪਾਬੰਦੀ ਲਗਾਉਣ ਅਤੇ ਹਰ ਜਮਾਤ (ਕਲਾਸ) ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਗਿਣਤੀ ਦੀ ਕਾਨੂੰਨੀ ਸੀਮਾ ਤੈਅ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ। ਰੋਮ ਵਿੱਚ ਆਪਣੀ ਪਾਰਟੀ 'ਬ੍ਰਦਰਜ਼ ਆਫ਼ ਇਟਲੀ' ਵੱਲੋਂ ਕਰਵਾਏ ਇੱਕ ਯੂਥ ਪ੍ਰੋਗਰਾਮ 'ਫੈਨਿਕਸ' (Fenix) ਨੂੰ ਸੰਬੋਧਨ ਕਰਦਿਆਂ ਮੈਲੋਨੀ ਨੇ ਕਿਹਾ ਕਿ ਇਹਨਾਂ ਪ੍ਰਸਤਾਵਾਂ ਵਾਲਾ ਇੱਕ ਖ਼ਾਸ ਖਰੜਾ ਜਲਦ ਹੀ ਕੈਬਨਿਟ (ਕੌਂਸਲ ਆਫ਼ ਮਿਨਿਸਟਰਜ਼) ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ, ਸਾਡੀ ਸਰਕਾਰ ਇੱਕ ਅਜਿਹਾ ਕਾਨੂੰਨ ਲਿਆ ਰਹੀ ਹੈ ਜੋ ਹਰ ਜਮਾਤ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਗਿਣਤੀ ਦੀ ਸੀਮਾ ਤੈਅ ਕਰੇਗਾ। ਇਸ ਤੋਂ ਇਲਾਵਾ, ਜਿਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਸਕੂਲ ਵਿੱਚ ਘੁਲਣ-ਮਿਲਣ (Integration) ਵਿੱਚ ਜ਼ਿਆਦਾ ਸਮੱਸਿਆ ਆ ਰਹੀ ਹੈ, ਉਨ੍ਹਾਂ ਦੇ ਮਾਪਿਆਂ ਲਈ ਇਟਾਲੀਅਨ ਭਾਸ਼ਾ



ਸਿੱਖਣਾ ਲਾਜ਼ਮੀ ਕੀਤਾ ਜਾਵੇਗਾ ਅਤੇ ਸਕੂਲਾਂ ਵਿੱਚ ਬੁਰਕੇ ਤੇ ਨਕਾਬ 'ਤੇ ਪੂਰਨ ਪਾਬੰਦੀ ਲਗਾਈ ਜਾਵੇਗੀ।

ਲਿੰਗ ਸਮਾਨਤਾ ਅਤੇ ਸੱਭਿਆਚਾਰ ਦਾ ਸਤਿਕਾਰ ਜ਼ਰੂਰੀ : ਪ੍ਰਧਾਨ ਮੰਤਰੀ ਮੈਲੋਨੀ ਨੇ ਕਿਹਾ ਕਿ ਜੋ ਵੀ ਵਿਅਕਤੀ ਇਟਲੀ ਵਿੱਚ ਆ ਕੇ ਆਪਣਾ ਭਵਿੱਖ ਬਣਾਉਣਾ ਚਾਹੁੰਦਾ ਹੈ, ਉਸ ਲਈ ਇੱਥੋਂ ਦੀ ਭਾਸ਼ਾ ਸਿੱਖਣਾ, ਸੱਭਿਆਚਾਰ ਨੂੰ ਸਮਝਣਾ ਅਤੇ ਕਾਨੂੰਨਾਂ ਦਾ ਸਤਿਕਾਰ ਕਰਨਾ ਲਾਜ਼ਮੀ ਹੈ। ਸਕੂਲਾਂ ਵਿੱਚ ਚਿਹਰਾ ਢੱਕਣ 'ਤੇ ਪਾਬੰਦੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ, ਇਟਲੀ ਵਿੱਚ ਕੋਈ ਵੀ ਵਿਅਕਤੀ ਪਰੰਪਰਾ ਦੇ ਨਾਂ 'ਤੇ ਕਿਸੇ ਮੁਟਿਆਰ ਨੂੰ ਆਪਣਾ ਚਿਹਰਾ ਛੁਪਾਉਣ ਲਈ ਮਜ਼ਬੂਰ ਨਹੀਂ ਕਰ ਸਕਦਾ। ਸਾਡੇ ਸਕੂਲਾਂ ਅਤੇ ਸੜਕਾਂ 'ਤੇ ਲਿੰਗ ਸਮਾਨਤਾ (Gender Equality) ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਰਿਸਰਚ ਅਦਾਰੇ 'ਫੌਂਡਾਜ਼ੀਓਨੇ ਆਈ.ਐਸ.ਐਮ.ਯੂ.' (Fondazione ISMU) ਦੇ ਅੰਕੜਿਆਂ ਅਨੁਸਾਰ, ਇਸ ਵੇਲੇ ਇਟਲੀ ਦੇ ਸਕੂਲਾਂ ਵਿੱਚ ਲਗਭਗ 9,30,000 ਗੈਰ-ਇਟਾਲੀਅਨ ਵਿਦਿਆਰਥੀ ਪੜ੍ਹ ਰਹੇ ਹਨ, ਜੋ ਕੁੱਲ ਵਿਦਿਆਰਥੀਆਂ ਦਾ ਲਗਭਗ 11.6 ਫੀਸਦੀ ਹਨ।

ਮੈਡੀਕਲ ਕਾਲਜਾਂ ਦੀ ਪ੍ਰਵੇਸ਼ ਪ੍ਰੀਖਿਆ ਪ੍ਰਣਾਲੀ 'ਚ ਵੀ ਬਦਲਾਅ : ਇਸ ਤੋਂ ਇਲਾਵਾ ਮੈਲੋਨੀ ਨੇ ਉੱਚ ਸਿੱਖਿਆ ਖੇਤਰ ਵਿੱਚ ਵੱਡਾ ਬਦਲਾਅ ਕਰਦਿਆਂ ਮੈਡੀਕਲ ਸਕੂਲਾਂ ਵਿੱਚ ਦਾਖਲੇ ਲਈ ਵਰਤੀ ਜਾਂਦੀ 'ਮਲਟੀਪਲ-ਚੋਆਇਸ' (Multiple-choice) ਦਾਖਲਾ ਪ੍ਰੀਖਿਆ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ। ਉਨ੍ਹਾਂ ਇਸ ਪ੍ਰਣਾਲੀ ਨੂੰ ਬੇਇਨਸਾਫ਼ੀ ਵਾਲੀ ਕਰਾਰ ਦਿੰਦਿਆਂ ਕਿਹਾ ਕਿ ਡਾਕਟਰੀ ਦੀ ਪੜ੍ਹਾਈ ਲਾਟਰੀ ਦੀ ਖੇਡ ਵਾਂਗ ਨਹੀਂ ਹੋਣੀ ਚਾਹੀਦੀ।

## ਪੰਜਾਬ ਵਿੱਚ 16 ਅਕਤੂਬਰ ਤੋਂ 2000 ਰੁਪਏ ਤੋਂ ਵੱਧ ਦੀ UPI ਭੁਗਤਾਨ ਪ੍ਰਣਾਲੀ ਹੋਵੇਗੀ ਬੰਦ



**ਚੰਡੀਗੜ੍ਹ, 19 ਸਤੰਬਰ**
**-ਜੀ. ਐਸ. ਤੁੰਗ-**

ਪੰਜਾਬ ਦੇ ਪੈਟਰੋਲ ਪੰਪਾਂ 'ਤੇ 16 ਅਕਤੂਬਰ 2026 ਤੋਂ 2000 ਰੁਪਏ ਤੋਂ ਵੱਧ ਦੀ UPI ਰਾਹੀਂ ਲੈਂਦੇ-ਦੇਣ 'ਤੇ ਰੋਕ ਲਗਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਫੈਸਲਾ ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਪੰਜਾਬ (Petrol Pumps Dealers Association Punjab) ਦੁਆਰਾ 0.4 ਫੀਸਦੀ ਮਰਚੈਂਟ ਡਿਸਕਾਊਂਟ ਰੇਟ (MDR) ਲਗਾਏ ਜਾਣ ਦੇ ਵਿਰੋਧ ਵਿੱਚ ਲਿਆ ਗਿਆ ਹੈ।

ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਨੇ ਦੱਸਿਆ ਕਿ ਪੈਟਰੋਲ ਪੰਪ ਮਾਲਕਾਂ ਨੂੰ ਤੇਲ ਦੀ ਵਿਕਰੀ 'ਤੇ ਪ੍ਰਤੀ ਲੀਟਰ ਮਹਿਜ਼ 2 ਫੀਸਦੀ ਦੇ ਲਗਭਗ ਕਮਿਸ਼ਨ ਮਿਲਦਾ ਹੈ। ਇਸ ਦੇ ਨਾਲ ਹੀ ਪੰਪਾਂ ਦੇ ਬਿਜਲੀ ਦੇ ਬਿੱਲਾਂ, ਸਟਾਫ਼ ਦੀਆਂ ਤਨਖ਼ਾਹਾਂ ਅਤੇ ਹੋਰ ਰੱਖ-ਰਖਾਅ 'ਤੇ ਭਾਰੀ ਖ਼ਰਚਾ ਹੁੰਦਾ ਹੈ।

ਉਨ੍ਹਾਂ ਨੇ ਖ਼ੁਲਾਸਾ ਕੀਤਾ ਕਿ ਹਰ ਰੋਜ਼ ਲਗਭਗ 30 ਤੋਂ 40 ਫੀਸਦੀ ਗਾਹਕ 2000 ਰੁਪਏ ਤੋਂ ਵੱਧ ਦੀ ਰਕਮ ਦੀ ਅਦਾਇਗੀ UPI (ਡਿਜੀਟਲ ਪੇਮੈਂਟ) ਰਾਹੀਂ ਕਰਦੇ ਹਨ। ਅਜਿਹੇ ਵਿੱਚ MDR ਦਾ ਵਾਧੂ ਖ਼ਰਚਾ ਬਰਦਾਸ਼ਤ ਕਰਨਾ ਡੀਲਰਾਂ ਲਈ ਬਹੁਤ ਔਖਾ ਹੋ ਜਾਵੇਗਾ। ਪਰਮਜੀਤ ਸਿੰਘ ਦੋਆਬਾ ਨੇ ਕੇਂਦਰੀ ਪੈਟਰੋਲੀਅਮ ਮੰਤਰੀ ਅਤੇ ਤੇਲ ਕੰਪਨੀਆਂ ਤੋਂ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਅਤੇ ਪੈਟਰੋਲ ਪੰਪ ਡੀਲਰਾਂ ਨੂੰ MDR ਦੀ ਦਰ ਤੋਂ ਛੋਟ ਦੇ ਕੇ ਰਾਹਤ ਪ੍ਰਦਾਨ ਕਰਨ।

ਰੋਜ਼ਾਨਾ
ਸ਼ਹੀਦ-ਏ-ਆਜ਼ਮ
Shaheedeazamnews.com
SHAHEEDEAZAMNEWS.COM PRINT & DIGITAL MEDIA
शहीद-ए-आजम
Shaheedeazamnewsnational.com

ਅਦਾਰਾ ਸ਼ਹੀਦ-ਏ-ਆਜ਼ਮ ਵੱਲੋਂ ਗੁ: ਸਿੰਘ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ, ਅਰਬਨ ਅਸਟੇਟ ਫੇਜ਼-2, ਪਟਿਆਲਾ ਵਿਖੇ ਚਲ ਰਹੇ ਰੋਜਾਨਾ ਗੁਰਮਤਿ ਸਮਾਗਮ ਲਾਈਵ ਦੇਖੋ

ਗੁਰੂ ਗੋਬਿੰਦ ਸਿੰਘ ਪ੍ਰੀਵਾਰ ਸੰਸਥਾ ਦੇ ਅਨਾਥ ਬੱਚਿਆਂ ਵੱਲੋਂ ਗੁਰਬਾਣੀ ਦੇ 25-30 ਰਾਗਾਂ ਵਿਚ

ਅਨੰਦਮਈ ਅੰਮ੍ਰਿਤ ਵੇਲੇ ਆਸਾ ਦੀ ਵਾਰ ਅਤੇ ਕੀਰਤਨ ਸਵੇਰੇ 5:30 ਵਜੇ

ਸੰਧਿਆ ਸਮੇਂ ਕਥਾ: ਪ੍ਰਾਚੀਨ ਪੰਥ ਪ੍ਰਕਾਸ਼ ਸ਼ਾਮ 6 ਵਜੇ ਸਿੱਖ ਪੰਥ ਦੇ ਮਹਾਨ ਕਥਾਕਾਰ ਗਿਆਨੀ ਪ੍ਰਿਤਪਾਲ ਸਿੰਘ ਜੀ ਦੇ ਪਰਮ ਸੇਵਕ: ਭਾਈ ਬਲੀ ਸਿੰਘ ਜੀ ਵੱਲੋਂ

ਰਹਿਰਾਸ ਸਾਹਿਬ, ਆਰਤੀ ਅਤੇ ਕੀਰਤਨ ਸ਼ਾਮ 7:00 ਵਜੇ

YOUTUBE | WHATSAPP | THREAD | Twitter X | TELEGRAM | INSTAGRAM | FACEBOOK | E-Paper Shaheed-e-Azam

ਅਦਰਾ ਸ਼ਹੀਦ-ਏ-ਆਜ਼ਮ 1982 ਤੋਂ ਸੱਚੀ, ਨਿਰਪੱਖ ਤੇ ਜ਼ਿੰਮੇਵਾਰ ਪੱਤਰਕਾਰਤਾ ਰਾਹੀਂ ਲੋਕਾਂ ਦੀ ਆਵਾਜ਼ ਬਣਿਆ ਹੋਇਆ ਹੈ। ਚੌਧਰੀ ਪ੍ਰਭਜੀਤ ਸਿੰਘ ਵੱਲੋਂ ਸਥਾਪਿਤ ਇਹ ਮੀਡੀਆ ਸੰਸਥਾ ਅੱਜ ਪ੍ਰਿੰਟ ਅਤੇ ਸ਼ੋਸਲ ਮੀਡੀਆ, ਡਿਜ਼ੀਟਲ ਪਲੇਟਫਾਰਮ ਰਾਹੀਂ ਪੰਜਾਬ, ਭਾਰਤ ਅਤੇ ਵਿਦੇਸ਼ਾਂ ਤਕ ਗੁਰਬਾਣੀ, ਖ਼ਬਰਾਂ, ਲੋਕ ਭਲਾਈ ਦੇ ਮੁੱਦੇ, ਲੋਕਾਂ ਤੱਕ ਨਿਰੰਤਰ ਪਹੁੰਚਾ ਰਿਹਾ ਹੈ।

# ਸੰਪਾਦਕੀ

## ਜ਼ਿੰਦਗੀ ਦੇ ਤਜਰਬੇ ਦਾ ਸਾਰ ਨਾ ਕਰੋ ਕਿਸੇ ਤੇ ਇਤਬਾਰ

ਜ਼ਿੰਦਗੀ ਵਿੱਚ ਮਨੁੱਖ ਨੂੰ ਹਰ ਵਾਰ ਦੁਸ਼ਮਣ ਹੀ ਨਹੀਂ ਦੁਖ ਨਹੀਂ ਦਿੰਦੇ। ਕਈ ਵਾਰ ਸਭ ਤੋਂ ਡੂੰਘਾ ਜ਼ਖ਼ਮ ਉਹ ਵਿਅਕਤੀ ਦੇ ਜਾਂਦਾ ਹੈ, ਜਿਸ ਨੂੰ ਅਸੀਂ ਆਪਣਾ ਸਮਝਿਆ ਹੁੰਦਾ ਹੈ। ਜਿਸ ਲਈ ਅਸੀਂ ਮੁਸ਼ਕਲ ਵੇਲੇ ਖੜ੍ਹੇ ਹੋਏ, ਆਪਣਾ ਸਮਾਂ, ਮਿਹਨਤ ਅਤੇ ਸਮਰੱਥਾ ਲਗਾਈ, ਪਰ ਜਦੋਂ ਸਾਨੂੰ ਉਸ ਦੇ ਸਾਥ ਦੀ ਲੋੜ ਪਈ ਤਾਂ ਉਹ ਪਿੱਛੇ ਹਟ ਗਿਆ। ਉਸ ਵੇਲੇ ਦੁੱਖ ਸਿਰਫ਼ ਸਾਥ ਨਾ ਮਿਲਣ ਦਾ ਨਹੀਂ ਹੁੰਦਾ. ਅਸਲ ਦਰਦ ਉਸ ਵਿਸ਼ਵਾਸ ਦੇ ਟੁੱਟਣ ਦਾ ਹੁੰਦਾ ਹੈ ਜੋ ਅਸੀਂ ਉਸ ਵਿਅਕਤੀ ਬਾਰੇ ਆਪਣੇ ਮਨ ਵਿੱਚ ਬਣਾਇਆ ਸੀ।

ਪਰ ਇੱਥੇ ਇੱਕ ਨੁਕਤਾ ਹੈ . ਹਰ ਕਿਸੇ 'ਤੇ ਅੰਨ੍ਹਾ ਭਰੋਸਾ ਨਾ ਕਰਨਾ ਅਤੇ ਕਿਸੇ 'ਤੇ ਵੀ ਭਰੋਸਾ ਨਾ ਕਰਨਾ, ਦੋ ਵੱਖਰੀਆਂ ਗੱਲਾਂ ਹਨ। ਮਨੁੱਖੀ ਜੀਵਨ ਪਰਿਵਾਰ, ਦੋਸਤੀ ਅਤੇ ਸਮਾਜਕ ਸਹਿਯੋਗ ਤੋਂ ਬਿਨਾਂ ਅਧੂਰਾ ਹੈ। ਸਮੱਸਿਆ ਭਰੋਸਾ ਕਰਨ ਵਿੱਚ ਨਹੀਂ, ਸਗੋਂ ਬਿਨਾਂ ਪਰਖੇ ਅਤੇ ਬਿਨਾਂ ਹੱਦਾਂ ਦੇ ਕਿਸੇ ਨੂੰ ਆਪਣੀ ਜ਼ਿੰਦਗੀ ਵਿੱਚ ਬਹੁਤ ਵੱਡੀ ਥਾਂ ਦੇਣ ਵਿੱਚ ਹੈ।

ਬਹੁਤ ਸਾਰੇ ਲੋਕ ਖੁਸ਼ੀ ਵਿੱਚ ਸਾਡੇ ਨਾਲ ਹੁੰਦੇ ਹਨ, ਪਰ ਅਸਲੀ ਰਿਸ਼ਤਿਆਂ ਦੀ ਪਰਖ ਮੁਸ਼ਕਲ ਸਮੇਂ ਹੁੰਦੀ ਹੈ। ਸ਼ਬਦਾਂ ਨਾਲੋਂ ਵਿਹਾਰ ਮਨੁੱਖ ਦੀ ਅਸਲੀ ਤਸਵੀਰ ਦਿਖਾਉਂਦਾ ਹੈ।

ਕੋਈ ਵੀ ਚੰਗਾ ਕੰਮ ਕਿਸੇ ਨੂੰ ਪੂਰੀ ਤਰ੍ਹਾਂ ਭਰੋਸੇਯੋਗ ਨਹੀਂ ਬਣਾਉਂਦਾ ਅਤੇ ਇੱਕ ਗਲਤੀ ਕਿਸੇ ਨੂੰ ਹਮੇਸ਼ਾ ਲਈ ਬੇਇਤਬਾਰਾ ਵੀ ਨਹੀਂ ਬਣਾਉਂਦੀ। ਭਰੋਸਾ ਇੱਕ ਘਟਨਾ ਨਹੀਂ, ਸਮੇਂ ਨਾਲ ਬਣਨ ਵਾਲੀ ਪ੍ਰਕਿਰਿਆ ਹੈ।

ਇਸ ਲਈ ਕਿਸੇ ਦੀ ਮਦਦ ਦਿਲੋਂ ਕਰੋ, ਪਰ ਉਸ ਦੇ ਬਦਲੇ ਭਵਿੱਖ ਵਿੱਚ ਮਦਦ ਦੀ ਗਾਰੰਟੀ ਨਾ ਮੰਗੋ। ਨੇਕੀ ਕਰੋ, ਪਰ ਉਮੀਦਾਂ ਦਾ ਵਾਧੂ ਭਾਰ ਨਾ ਢੋਵੋ।

ਨੇਕ ਦਿਲ ਮਨੁੱਖ ਅਕਸਰ ਦੂਜਿਆਂ ਨੂੰ ਆਪਣੇ ਸੁਭਾਅ ਦੇ ਸ਼ੀਸ਼ੇ ਵਿੱਚ ਦੇਖਦਾ ਹੈ। ਜੇ ਉਹ ਖੁਦ ਵਚਨਾ ਦਾ ਪੱਕਾ ਹੁੰਦਾ ਹੈ ਅਤੇ ਮੰਨ ਲੈਂਦਾ ਹੈ ਕਿ ਦੂਜਾ ਵੀ ਅਜਿਹਾ ਹੀ ਹੋਵੇਗਾ। ਪਰ ਹਰ ਮਨੁੱਖ ਦੀ ਸੋਚ, ਨੀਅਤ ਅਤੇ ਚਰਿੱਤਰ ਵੱਖਰੇ ਹੁੰਦੇ ਹਨ। ਯਾਦ ਰਹੇ ਤੁਹਾਡੀ ਨੇਕੀ ਤੁਹਾਡੇ ਚਰਿੱਤਰ ਦੀ ਨਿਸ਼ਾਨੀ ਹੈ ਇਹ ਦੂਜੇ ਦੇ ਚਰਿੱਤਰ ਦੀ ਗਾਰੰਟੀ ਨਹੀਂ।

ਧੋਖਾ ਸਦਾ ਦਿਲ ਦੁਖਾਉਂਦਾ ਹੈ ਕਿਉਂਕਿ ਇਸ ਨਾਲ ਕਿਸੇ ਵਿਅਕਤੀ ਬਾਰੇ ਬਣੀ ਸਾਡੀ ਧਾਰਨਾ ਟੁੱਟ ਜਾਂਦੀ ਹੈ। ਇਥੇ ਬੁੱਧੀ ਜੀਵੀਆਂ ਲਈ ਇਕ ਗੱਲ ਜ਼ਿਕਰਯੋਗ ਹੈ ਕਿ ਹਰ ਧੋਖਾ ਇੱਕ ਸਬਕ ਵੀ ਦੇ ਜਾਂਦਾ ਹੈ— ਹਰ ਮੁਸਕਰਾਹਟ ਦੋਸਤੀ ਨਹੀਂ, ਹਰ ਵਾਅਦਾ ਨਿਭਾਇਆ ਨਹੀਂ ਜਾਂਦਾ ਅਤੇ ਹਰ ਮੈਂ ਹਾਂ ਨਾ ਦੇ ਪਿੱਛੇ ਸੱਚਾ ਸਾਥ ਨਹੀਂ ਹੁੰਦਾ।

ਆਤਮ-ਨਿਰਭਰਤਾ ਦਾ ਅਰਥ ਇਹ ਨਹੀਂ ਕਿ ਸਾਨੂੰ ਕਿਸੇ ਦੀ ਲੋੜ ਨਹੀਂ। ਅਸਲ ਮਤਲਬ ਇਹ ਹੈ ਕਿ ਚੰਗੇ ਲੋਕਾਂ ਦੀ ਕਦਰ ਕਰਦੇ ਹੋਏ ਵੀ ਆਪਣੀ ਪੂਰੀ ਜ਼ਿੰਦਗੀ ਕਿਸੇ ਇੱਕ ਵਿਅਕਤੀ ਦੇ ਸਹਾਰੇ ਨਾ ਰੱਖੀਏ।

ਆਪਣੇ ਫੈਸਲੇ ਸੋਚ-ਵਿਚਾਰ ਨਾਲ ਲੈਣਾ, ਆਪਣੇ ਹੁਨਰ ਵਧਾਉਣਾ, ਆਰਥਿਕ ਤੌਰ 'ਤੇ ਜਿੰਨਾ ਸੰਭਵ ਹੋ ਸਕੇ ਮਜ਼ਬੂਤ ਹੋਣਾ ਅਤੇ ਮੁਸ਼ਕਲ ਸਮੇਂ ਹੱਲ ਲੱਭਣ ਦੀ ਸਮਰੱਥਾ ਪੈਦਾ ਕਰਨਾ, ਇਹੀ ਅਸਲ ਆਤਮ-ਨਿਰਭਰਤਾ ਹੈ।

ਮਦਦ ਮੰਗਣਾ ਕਮਜ਼ੋਰੀ ਨਹੀਂ, ਪਰ ਮਦਦ ਨਾ ਮਿਲਣ 'ਤੇ ਵੀ ਆਪਣੇ ਪੈਰਾਂ 'ਤੇ ਖੜ੍ਹੇ ਰਹਿਣਾ ਤਾਕਤ ਹੈ।

ਹਰ ਕਿਸੇ ਨੂੰ ਆਪਣੀ ਨਿੱਜੀ ਜ਼ਿੰਦਗੀ, ਆਰਥਿਕ ਮਾਮਲਿਆਂ, ਕਮਜ਼ੋਰੀਆਂ ਅਤੇ ਭੇਦ ਤੱਕ ਪਹੁੰਚ ਦੇਣਾ ਜ਼ਰੂਰੀ ਨਹੀਂ। ਜਿੱਥੇ ਤੁਹਾਡੇ ਸਮੇਂ, ਸਨਮਾਨ ਜਾਂ ਭਰੋਸੇ ਦੀ ਕਦਰ ਨਾ ਹੋਵੇ, ਉੱਥੇ ਹੱਦ ਬਣਾਉਣਾ ਸੁਆਰਥ ਨਹੀਂ।

ਇਸੇ ਤਰ੍ਹਾਂ ਮਾਫ਼ੀ ਅਤੇ ਮੁੜ ਭਰੋਸਾ ਇੱਕੋ ਗੱਲ ਨਹੀਂ। ਤੁਸੀਂ ਕਿਸੇ ਨੂੰ ਮਾਫ਼ ਕਰ ਸਕਦੇ ਹੋ, ਪਰ ਉਸ ਨੂੰ ਪਹਿਲਾਂ ਵਾਲਾ ਸਥਾਨ ਦੇਣਾ ਲਾਜ਼ਮੀ ਨਹੀਂ। ਭਰੋਸਾ ਮੁੜ ਬਣਨ ਲਈ ਸਮਾਂ, ਜ਼ਿੰਮੇਵਾਰੀ ਅਤੇ ਲਗਾਤਾਰ ਚੰਗਾ ਵਿਹਾਰ ਚਾਹੀਦਾ ਹੈ।

ਇੱਕ ਵਿਅਕਤੀ ਦੇ ਧੋਖੇ ਨੂੰ ਪੂਰੀ ਮਨੁੱਖਤਾ ਦਾ ਚਰਿੱਤਰ ਨਾ ਬਣਾਓ। ਕਿਸੇ ਦੀ ਗਲਤੀ ਕਾਰਨ ਹਰ ਨਵੇਂ ਰਿਸ਼ਤੇ 'ਤੇ ਸ਼ੱਕ ਕਰਨਾ ਆਪਣੇ ਆਪ ਨੂੰ ਸਜ਼ਾ ਦੇਣ ਦੇ ਬਰਾਬਰ ਹੈ।

ਲੋਕਾਂ ਨਾਲ ਪਿਆਰ ਕਰੋ, ਚੰਗਿਆਂ ਦੀ ਕਦਰ ਕਰੋ, ਲੋੜਵੰਦ ਦੀ ਮਦਦ ਕਰੋ ਅਤੇ ਭਰੋਸਾ ਵੀ ਕਰੋ, ਪਰ ਜ਼ਰੂਰੀ ਗੱਲ ਕਿ ਆਪਣੀ ਜ਼ਿੰਦਗੀ ਦਾ ਆਧਾਰ ਕਿਸੇ ਹੋਰ ਨੂੰ ਨਾ ਬਣਾਓ।

ਅਸਲ ਤਾਕਤ ਇਹ ਨਹੀਂ ਕਿ ਹਰ ਵੇਲੇ ਕੋਈ ਸਾਡੇ ਨਾਲ ਖੜ੍ਹਾ ਰਹੇ। ਅਸਲ ਤਾਕਤ ਇਹ ਹੈ ਕਿ ਜਦੋਂ ਕੋਈ ਨਾ ਖੜ੍ਹੇ, ਤਦ ਵੀ ਅਸੀਂ ਆਪਣੇ ਪੈਰਾਂ 'ਤੇ ਡਟੇ ਰਹੀਏ।

ਦੂਜਿਆਂ ਨਾਲ ਪਿਆਰ ਕਰੋ, ਪਰ ਆਪਣੇ ਆਪ ਨੂੰ ਕਦੇ ਨਾ ਗੁਆਓ। ਲੋਕਾਂ 'ਤੇ ਭਰੋਸਾ ਕਰੋ, ਪਰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਭਰੋਸਾ ਆਪਣੇ ਆਪ ਨੂੰ ਬਣਾਓ।

ਇਹੀ ਆਤਮ-ਸਨਮਾਨ ਹੈ, ਇਹੀ ਆਤਮ-ਨਿਰਭਰਤਾ ਹੈ ਅਤੇ ਇਹੀ ਮੰਨ ਦੀ ਸ਼ਾਂਤੀ ਦਾ ਮਜ਼ਬੂਤ ਆਧਾਰ ਹੈ।

-ਛੱਤਰਪਾਲ ਸਿੰਘ

Shaheedeazamnews.com

ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9814632807

Shaheed-e-Azam Printed, published and owned by Harjinder Chaudhary printed at Raftaar Printing Press, Factory Area, Patiala and published at Office Shaheed-e-Azam, Dukhniwaran Chowk Patiala.
Editor : Chhatarpal Singh
PRGI (RNI) Regd. No. 42354

ਨੋਟ : ਸੰਪਾਦਕ ਸਿਰਫ਼ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ਼ ਪਟਿਆਲਾ ਅਦਾਲਤ 'ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807

# ਬਦਲਦੇ ਸਮਾਜ ਦੀ ਤੇਜ਼ ਚਾਲ, ਬਜ਼ੁਰਗਾਂ ਦੀ ਦੇਖ-ਭਾਲ ਦਾ ਸਵਾਲ ?



ਗੁਰਮੀਤ ਸਿੰਘ ਤੁੰਗ
ਬਿਊਰੋ ਚੀਫ਼.
9855221193

ਅੱਜ ਸ਼ਹਿਰ ਤੇਜ਼ੀ ਨਾਲ ਫੈਲ ਰਹੇ ਹਨ। ਉੱਚੀਆਂ ਇਮਾਰਤਾਂ, ਚੌੜੀਆਂ ਸੜਕਾਂ, ਨਵੀਆਂ ਕਾਲੋਨੀਆਂ, ਰੁਜ਼ਗਾਰ ਦੇ ਨਵੇਂ ਮੌਕੇ ਅਤੇ ਬਿਹਤਰ ਸਿਹਤ ਸਹੂਲਤਾਂ ਸ਼ਹਿਰੀਕਰਨ ਦੀ ਤਸਵੀਰ ਦਾ ਇੱਕ ਚਮਕਦਾ ਪੱਖ ਹਨ। ਪਰ ਇਸ ਵਿਕਾਸ ਦੇ ਦੂਜੇ ਪਾਸੇ ਇੱਕ ਅਜਿਹਾ ਸਵਾਲ ਖੜ੍ਹਾ ਹੋ ਰਿਹਾ ਹੈ ਜਿਸ ਨੂੰ ਅਸੀਂ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਾਂ. ਜਦੋਂ ਨੌਜਵਾਨ ਪੀੜ੍ਹੀ ਕੰਮ ਅਤੇ ਰੁਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਜਾਂ ਵਿਦੇਸ਼ਾਂ ਵੱਲ ਚਲੀ ਜਾਂਦੀ ਹੈ, ਤਾਂ ਪਿੱਛੇ ਰਹਿ ਗਏ ਬਜ਼ੁਰਗਾਂ ਦੀ ਦੇਖਭਾਲ ਕੌਣ ਕਰੇਗਾ ?

ਇਹ ਸਿਰਫ਼ ਪਰਿਵਾਰਕ ਮਸਲਾ ਨਹੀਂ ਰਹਿ ਗਿਆ। ਇਹ ਹੁਣ ਸਿਹਤ, ਸਮਾਜਿਕ ਸੁਰੱਖਿਆ, ਸ਼ਹਿਰੀ ਯੋਜਨਾਬੰਦੀ, ਰਿਹਾਇਸ਼, ਆਵਾਜਾਈ, ਆਰਥਿਕਤਾ ਅਤੇ ਮਨੁੱਖੀ ਮਰਿਆਦਾ ਨਾਲ ਜੁੜਿਆ ਵੱਡਾ ਸਮਾਜਕ ਮੁੱਦਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆ ਵਿੱਚ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ 2020 ਵਿੱਚ ਲਗਭਗ 1 ਅਰਬ ਸੀ ਅਤੇ 2050 ਤੱਕ ਇਹ 2.1 ਅਰਬ ਤੱਕ ਪਹੁੰਚਣ ਦੀ ਉਮੀਦ ਹੈ। ਇਸੇ ਸਮੇਂ ਦੁਨੀਆ ਦੀ 68 ਫ਼ੀਸਦੀ ਆਬਾਦੀ 2050 ਤੱਕ ਸ਼ਹਿਰੀ ਖੇਤਰਾਂ ਵਿੱਚ ਰਹਿ ਸਕਦੀ ਹੈ, ਭਾਵ ਬਜ਼ੁਰਗਾਂ ਦੀ ਵਧਦੀ ਗਿਣਤੀ ਅਤੇ ਸ਼ਹਿਰੀਕਰਨ ਦੋਵੇਂ ਤਬਦੀਲੀਆਂ ਇਕੱਠੀਆਂ ਹੋ ਰਹੀਆਂ ਹਨ।

ਭਾਰਤ ਨੂੰ ਅਜੇ ਵੀ ਨੌਜਵਾਨ ਦੇਸ਼ ਕਿਹਾ ਜਾਂਦਾ ਹੈ, ਪਰ ਬਜ਼ੁਰਗ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। ਯੂ.ਐਨ.ਐਫ.ਪੀ.ਏ ਦੇ 2023 ਦੇ ਅੰਕੜਿਆਂ ਅਨੁਸਾਰ 2050 ਤੱਕ ਭਾਰਤ ਵਿੱਚ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ ਕੁੱਲ ਆਬਾਦੀ ਦਾ ਲਗਭਗ 20 ਫ਼ੀਸਦੀ ਤੋਂ ਵੱਧ ਹੋ ਸਕਦੀ ਹੈ। 80 ਸਾਲ ਤੋਂ ਉੱਪਰ ਦੀ ਆਬਾਦੀ ਵੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਸ ਉਮਰ ਵਰਗ ਵਿੱਚ ਵਿਧਵਾ ਔਰਤਾਂ ਅਤੇ ਵਧੇਰੇ ਨਿਰਭਰ ਬਜ਼ੁਰਗਾਂ ਦੀ ਗਿਣਤੀ ਮਹੱਤਵਪੂਰਨ ਚੁਣੌਤੀ ਬਣ ਰਹੀ ਹੈ। ਇਸ ਤਬਦੀਲੀ ਦਾ ਮਤਲਬ ਸਿਰਫ਼ ਇਹ ਨਹੀਂ ਕਿ ਬਜ਼ੁਰਗਾਂ ਦੀ ਗਿਣਤੀ ਵਧੇਗੀ। ਇਸ ਦਾ ਮਤਲਬ ਹੈ ਕਿ ਦੇਖਭਾਲ ਦੀ ਲੋੜ ਵਾਲੇ ਲੋਕਾਂ ਦੀ ਗਿਣਤੀ ਵੀ ਵਧੇਗੀ।

ਭਾਰਤੀ ਸਮਾਜ ਵਿੱਚ ਬਜ਼ੁਰਗਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਰਵਾਇਤੀ ਤੌਰ 'ਤੇ ਪਰਿਵਾਰ ਨਿਭਾਉਂਦਾ ਰਿਹਾ ਹੈ। ਦਾਦਾ-ਦਾਦੀ, ਨਾਨਾ-ਨਾਨੀ, ਮਾਤਾ-ਪਿਤਾ ਅਤੇ ਬੱਚੇ ਇੱਕੋ ਘਰ ਜਾਂ ਨੇੜੇ ਰਹਿੰਦੇ ਸਨ। ਪਰ ਸ਼ਹਿਰੀਕਰਨ, ਪਰਵਾਸ, ਰੁਜ਼ਗਾਰ ਦੀ ਬਦਲਦੀ ਪ੍ਰਕਿਰਤੀ, ਮਹਿੰਗੀ ਰਿਹਾਇਸ਼ ਅਤੇ ਛੋਟੇ ਪਰਿਵਾਰਾਂ ਨੇ ਇਸ ਪ੍ਰਬੰਧ ਨੂੰ ਬਦਲ ਦਿੱਤਾ ਹੈ।

ਵਰਲਡ ਹੈਲਥ ਸੰਸਥਾ ਦੇ ਭਾਰਤ ਸਬੰਧੀ ਅੰਕੜੇ ਵੀ ਦੱਸਦੇ ਹਨ ਕਿ ਬਜ਼ੁਰਗਾਂ ਵਿੱਚ ਬੱਚਿਆਂ ਨਾਲ ਰਹਿਣ ਦਾ ਰੁਝਾਨ ਅਜੇ ਵੀ ਵੱਡਾ ਹੈ, ਪਰ ਸਿਰਫ਼ ਜੀਵਨ-ਸਾਥੀ ਨਾਲ ਰਹਿਣ ਵਾਲਿਆਂ ਦੀ ਹਿੱਸੇਦਾਰੀ ਵਧੀ ਹੈ। ਇਹ ਸੰਕੇਤ ਹੈ ਕਿ ਬਜ਼ੁਰਗਾਂ ਦੀ ਰਹਿਣ-ਸਹਿਣ ਦੀ ਬਣਤਰ ਬਦਲ ਰਹੀ ਹੈ।

ਇੱਥੇ ਇੱਕ ਮਹੱਤਵਪੂਰਨ ਫ਼ਰਕ ਸਮਝਣਾ ਪਵੇਗਾ , ਕਿ, ਇੱਕੋ ਘਰ ਵਿੱਚ ਰਹਿਣਾ ਅਤੇ ਬਜ਼ੁਰਗ ਦੀ ਅਸਲ ਦੇਖਭਾਲ ਕਰਨਾ ਇੱਕੋ ਗੱਲ ਨਹੀਂ।

ਬਜ਼ੁਰਗਾਂ ਦੀ ਸਭ ਤੋਂ ਵੱਡੀ ਸਮੱਸਿਆ ਹਮੇਸ਼ਾ ਦਵਾਈ ਜਾਂ ਹਸਪਤਾਲ ਨਹੀਂ ਹੁੰਦੀ। ਕਈ ਵਾਰ ਸਭ ਤੋਂ ਵੱਡੀ ਲੋੜ ਹੁੰਦੀ ਹੈ, ਕਿਸੇ ਦਾ ਗੱਲ ਸੁਣਨਾ। ਬੱਚੇ ਸਵੇਰੇ ਨੌਕਰੀ ਲਈ ਨਿਕਲਦੇ ਹਨ, ਸ਼ਾਮ ਨੂੰ ਥੱਕ ਕੇ ਵਾਪਸ ਆਉਂਦੇ ਹਨ। ਪੋਤੇ-ਪੋਤੀਆਂ ਮੋਬਾਈਲ ਅਤੇ ਡਿਜ਼ੀਟਲ ਦੁਨੀਆ ਵਿੱਚ ਰੁੱਝੇ ਰਹਿੰਦੇ ਹਨ। ਕਈ ਬਜ਼ੁਰਗ ਸਾਰਾ ਦਿਨ ਘਰ ਵਿੱਚ ਇਕੱਲੇ ਰਹਿ ਜਾਂਦੇ ਹਨ।

ਇਸ ਇਕੱਲੇਪਣ ਨਾਲ ਉਦਾਸੀ, ਚਿੰਤਾ, ਸਮਾਜਕ ਵੱਖਰੇਵਾਂ ਅਤੇ ਜੀਵਨ ਦੀ ਕੁਆਲਟੀ ਵਿੱਚ ਕਮੀ ਆ ਜਾਂਦੀ ਹੈ। ਵਿਸ਼ਵ ਸਿਹਤ ਸੰਸਥਾ ਮੰਨਦਾ ਹੈ ਕਿ ਬਜ਼ੁਰਗ ਲੋਕਾਂ ਦੀ ਸਿਹਤ 'ਤੇ ਉਨ੍ਹਾਂ ਦਾ ਘਰ, ਆਂਢ-ਗੁਆਂਢ, ਆਵਾਜਾਈ ਅਤੇ ਸਮਾਜਕ ਵਾਤਾਵਰਣ ਮਹੱਤਵਪੂਰਨ ਪ੍ਰਭਾਵ ਪਾਉਂਦੇ ਹਨ।

ਬਜ਼ੁਰਗ ਔਰਤਾਂ ਦੀਆਂ ਲੋੜਾਂ ਨੂੰ ਵੱਖਰੇ ਤੌਰ 'ਤੇ ਦੇਖਣ ਦੀ ਲੋੜ ਹੈ। ਵਧੀ ਹੋਈ ਉਮਰ ਵਿੱਚ ਵਿਧਵਾਪਣ, ਆਮਦਨ ਦੀ ਘਾਟ, ਜਾਇਦਾਦ 'ਤੇ ਨਿਰਭਰਤਾ, ਸਿਹਤ ਸਮੱਸਿਆਵਾਂ ਅਤੇ ਸਮਾਜਕ ਇਕੱਲਾਪਣ ਉਨ੍ਹਾਂ ਦੀ ਨਾਜ਼ੁਕਤਾ ਵਧਾ ਦਿੰਦੀ ਹੈ। ਯੂ.ਐਨ.ਐਫ.ਪੀ.ਏ ਨੇ ਵੀ ਬਹੁਤ ਵੱਡੀ ਉਮਰ ਦੀਆਂ ਵਿਧਵਾ ਅਤੇ ਨਿਰਭਰ ਔਰਤਾਂ ਨੂੰ ਖਾਸ ਧਿਆਨ ਦੀ ਲੋੜ ਵਾਲਾ ਵਰਗ ਦਰਸਾਇਆ ਹੈ। ਇਸ ਲਈ ਬਜ਼ੁਰਗਾਂ ਦੀ ਨੀਤੀ ਵਿੱਚ ਲਿੰਗਕ ਪੱਖ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਭਾਰਤੀ ਪਰਿਵਾਰਾਂ ਵਿੱਚ ਬਜ਼ੁਰਗਾਂ ਦੀ ਦੇਖਭਾਲ ਦਾ ਵੱਡਾ ਹਿੱਸਾ ਅਕਸਰ ਘਰ ਦੀਆਂ ਔਰਤਾਂ ਨੂੰਹਾਂ, ਧੀਆਂ ਜਾਂ ਪਤਨੀਆਂ 'ਤੇ ਆ ਜਾਂਦਾ ਹੈ। ਜੇ ਉਹ ਖੁਦ ਨੌਕਰੀ ਕਰ ਰਹੀਆਂ ਹੋਣ ਤਾਂ ਉਨ੍ਹਾਂ ਉੱਤੇ ਦੋਹਰਾ ਬੋਝ ਪੈਂਦਾ ਹੈ ਰੁਜ਼ਗਾਰ ਵੀ ਅਤੇ ਬਜ਼ੁਰਗਾਂ ਦੀ ਸੰਭਾਲ ਵੀ।

ਇਸ ਲਈ ਭਵਿੱਖ ਦੀ ਬਜ਼ੁਰਗ-ਸੰਭਾਲ ਨੀਤੀ ਸਿਰਫ਼ ਬਜ਼ੁਰਗਾਂ ਲਈ ਸੇਵਾ ਨਹੀਂ ਹੋਣੀ ਚਾਹੀਦੀ; ਇਸ ਵਿੱਚ ਦੇਖਭਾਲ ਕਰਨ ਵਾਲੇ ਪਰਿਵਾਰਕ ਮੈਂਬਰਾਂ ਨੂੰ ਵੀ ਸਹਾਇਤਾ ਮਿਲਣੀ ਚਾਹੀਦੀ ਹੈ।

ਇੱਕ ਬਜ਼ੁਰਗ ਲਈ ਸ਼ਹਿਰ ਦਾ ਅਰਥ ਸਿਰਫ਼ ਹਸਪਤਾਲ ਨੇੜੇ ਹੋਣਾ ਨਹੀਂ , ਸਗੋਂ

ਕੀ ਫੁੱਟਪਾਥ 'ਤੇ ਆਸਾਨੀ ਨਾਲ ਤੁਰਿਆ ਜਾ ਸਕਦਾ ਹੈ ?
ਕੀ ਸੜਕ ਪਾਰ ਕਰਨ ਲਈ ਕਾਫ਼ੀ ਸਮਾਂ ਮਿਲਦਾ ਹੈ ?
ਕੀ ਬੱਸ ਵਿੱਚ ਚੜ੍ਹਨਾ ਆਸਾਨ ਹੈ ?
ਕੀ ਹਰ ਇਮਾਰਤ ਵਿੱਚ ਲਿਫ਼ਟ ਹੈ ?
ਕੀ ਪਾਰਕ ਵਿੱਚ ਬੈਠਣ ਲਈ ਬੈਂਚ ਹੈ?
ਕੀ ਸਰਕਾਰੀ ਦਫ਼ਤਰ ਬਜ਼ੁਰਗਾਂ ਲਈ ਸੁਗਮ ਹਨ ?

ਵਿਸ਼ਵ ਸਿਹਤ ਸੰਸਥਾ ਦੇ ਉਮਰ - ਸਨੇਹਪੂਰਨ ਸ਼ਹਿਰਾਂ ਦੇ ਮਾਡਲ ਵਿੱਚ ਸੁਰੱਖਿਅਤ ਆਵਾਜਾਈ, ਰੁਕਾਵਟ-ਰਹਿਤ ਇਮਾਰਤਾਂ, ਬੈਠਣ ਦੀਆਂ ਥਾਵਾਂ, ਜਨਤਕ ਸਹੂਲਤਾਂ, ਸਮਾਜਕ ਜੁੜਾਅ ਅਤੇ ਇਕੱਲੇ ਰਹਿ ਰਹੇ ਬਜ਼ੁਰਗਾਂ ਤੱਕ ਪਹੁੰਚ ਨੂੰ ਮਹੱਤਵ ਦਿੱਤਾ ਗਿਆ ਹੈ।

ਸ਼ਹਿਰੀਕਰਨ ਨਾਲ ਬਜ਼ੁਰਗਾਂ ਲਈ ਕਈ ਨਵੀਆਂ ਰਿਹਾਇਸ਼ੀ ਸੇਵਾਵਾਂ ਡੇਅ-ਕੇਅਰ, ਅਸਿਸਟਡ ਲਿਵਿੰਗ , ਨਰਸਿੰਗ ਕੇਅਰ ਅਤੇ ਰੈਜ਼ੀਡੈਂਸ਼ੀਅਲ ਕੇਅਰ ਵਿਕਸਤ ਹੋ ਸਕਦੀਆਂ ਹਨ। ਪਰ ਹਰ ਬਜ਼ੁਰਗ ਨੂੰ ਪਰਿਵਾਰ ਤੋਂ ਵੱਖ ਕਰਕੇ ਸੰਸਥਾ ਵਿੱਚ ਭੇਜਣਾ ਹੱਲ ਨਹੀਂ।

ਯੂ.ਐਨ.ਐਫ.ਪੀ.ਏ ਨੇ ਇਨ - ਸੀਟੂ ਏਜਿੰਗ , ਭਾਵ ਜਿੱਥੇ ਸੰਭਵ ਹੋਵੇ ਉੱਥੇ ਆਪਣੇ ਘਰ ਅਤੇ ਭਾਈਚਾਰੇ ਵਿੱਚ ਰਹਿ ਕੇ ਬੁਢਾਪਾ ਬਿਤਾਉਣ ਦੀ ਪਹੁੰਚ ਨੂੰ ਮਹੱਤਵ ਦਿੱਤਾ ਹੈ। ਇਸ ਦੇ ਨਾਲ ਦਿਨ ਵੇਲੇ ਸੰਭਾਲ ਅਤੇ ਥੋੜ੍ਹੇ ਸਮੇਂ ਦੀ ਸੰਭਾਲ ਵਰਗੀਆਂ ਸਹੂਲਤਾਂ ਪਰਿਵਾਰਾਂ ਦਾ ਬੋਝ ਘਟਾ ਸਕਦੀਆਂ ਹਨ।

ਅਸਲ ਮਾਡਲ ਹੋਣਾ ਚਾਹੀਦਾ ਹੈ— ਘਰ + ਪਰਿਵਾਰ + ਭਾਈਚਾਰਾ + ਸਿਹਤ ਪ੍ਰਣਾਲੀ + ਲੋੜ ਅਨੁਸਾਰ ਪੇਸ਼ੇਵਰ ਦੇਖਭਾਲ।

ਬਜ਼ੁਰਗ ਦੀ ਆਜ਼ਾਦੀ ਲਈ ਆਮਦਨ ਦੀ ਸੁਰੱਖਿਆ ਬਹੁਤ ਮਹੱਤਵਪੂਰਨ ਹੈ। ਜੇ ਕਿਸੇ ਵਿਅਕਤੀ ਕੋਲ ਆਪਣੀ ਦਵਾਈ, ਆਵਾਜਾਈ ਜਾਂ ਨਿੱਜੀ ਲੋੜ ਲਈ ਆਪਣਾ ਪੈਸਾ ਨਹੀਂ, ਤਾਂ ਉਹ ਪਰਿਵਾਰ 'ਤੇ ਬਹੁਤ ਜ਼ਿਆਦਾ ਨਿਰਭਰ ਹੋ ਜਾਂਦਾ ਹੈ।

ਯੂ.ਐਨ.ਐਫ.ਪੀ.ਏ ਦੀ 2023 ਰਿਪੋਰਟ ਅਨੁਸਾਰ ਭਾਰਤ ਦੇ 40 ਫ਼ੀਸਦੀ ਤੋਂ ਵੱਧ ਬਜ਼ੁਰਗ ਸਭ ਤੋਂ ਗਰੀਬ ਆਰਥਿਕ ਵਰਗ ਵਿੱਚ ਆਉਂਦੇ ਹਨ ਅਤੇ ਲਗਭਗ 18.7 ਫ਼ੀਸਦੀ ਕੋਲ ਕੋਈ ਆਮਦਨ ਨਹੀਂ ਸੀ। ਇਸ ਲਈ ਪੈਨਸ਼ਨ, ਸਮਾਜਿਕ ਸੁਰੱਖਿਆ, ਸਸਤੀ ਸਿਹਤ ਸੇਵਾ ਅਤੇ ਦਵਾਈਆਂ ਤੱਕ ਪਹੁੰਚ ਬਜ਼ੁਰਗਾਂ ਦੀ ਮਰਿਆਦਾ ਅਤੇ ਖੁਦਮੁਖਤਿਆਰੀ ਨਾਲ ਜੁੜੇ ਮੁੱਦੇ ਹਨ।

ਬੁਢਾਪਾ ਸਿਰਫ਼ ਉਮਰ ਦਾ ਵਧਣਾ ਨਹੀਂ। ਇਸ ਨਾਲ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ, ਨਜ਼ਰ ਦੀ ਕਮਜ਼ੋਰੀ, ਸੁਣਨ ਦੀ ਸਮੱਸਿਆ, ਹੱਡੀਆਂ ਦੀ ਕਮਜ਼ੋਰੀ, ਯਾਦਦਾਸ਼ਤ ਅਤੇ ਚੱਲਣ-ਫਿਰਣ ਦੀਆਂ ਸਮੱਸਿਆਵਾਂ ਵਧ ਸਕਦੀਆਂ ਹਨ।

ਇਸ ਲਈ ਬਜ਼ੁਰਗਾਂ ਲਈ ਸਿਹਤ ਪ੍ਰਣਾਲੀ ਵਿੱਚ ਸਿਰਫ਼ ਬਿਮਾਰੀ ਦਾ ਇਲਾਜ ਨਹੀਂ, ਸਗੋਂ ਨਿਯਮਿਤ ਜਾਂਚ, ਪੁਨਰਵਾਸ, ਮਾਨਸਿਕ ਸਿਹਤ, ਘਰ-ਅਧਾਰਿਤ ਦੇਖਭਾਲ ਅਤੇ ਲੰਬੇ ਸਮੇਂ ਦੀ ਸੰਭਾਲ ਵੀ ਸ਼ਾਮਲ ਹੋਣੀ ਚਾਹੀਦੀ ਹੈ। ਭਾਰਤ ਵਿੱਚ ਬਜ਼ੁਰਗਾਂ ਲਈ ਸਿਹਤ ਸੰਭਾਲ ਦਾ ਰਾਸ਼ਟਰੀ ਪ੍ਰੋਗਰਾਮ ਅਤੇ ਆਯੁਸ਼ਮਾਨ ਭਾਰਤ ਦੇ ਸਿਹਤ ਅਤੇ ਤੰਦਰੁਸਤੀ ਕੇਂਦਰ ਵਰਗੇ ਢਾਂਚੇ ਇਸ ਦਿਸ਼ਾ ਵਿੱਚ ਪਹਿਲਾਂ ਤੋਂ ਮੌਜੂਦ ਹਨ।

ਸਰਕਾਰ ਦੀ ਜ਼ਿੰਮੇਵਾਰੀ, ਪਰ ਸਿਰਫ਼ ਸਰਕਾਰੀ ਜ਼ਿੰਮੇਵਾਰੀ ਹੀ ਨਹੀਂ.

ਭਾਰਤ ਵਿੱਚ ਮਾਪਿਆਂ ਅਤੇ ਸੀਨੀਅਰ ਨਾਗਰਿਕਾਂ ਦੀ ਸੰਭਾਲ ਅਤੇ ਭਲਾਈ ਐਕਟ, 2007 ਸਮੇਤ ਬਜ਼ੁਰਗਾਂ ਲਈ ਕਾਨੂੰਨੀ ਅਤੇ ਨੀਤੀਗਤ ਢਾਂਚੇ ਮੌਜੂਦ ਹਨ। ਪਰ ਕਾਨੂੰਨ ਬਣ ਜਾਣ ਨਾਲ ਸਮੱਸਿਆ ਖ਼ਤਮ ਨਹੀਂ ਹੁੰਦੀ।

ਲੋੜ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ:

* ਬਜ਼ੁਰਗਾਂ ਲਈ ਸੁਰੱਖਿਅਤ ਫੁੱਟਪਾਥ ਅਤੇ ਆਵਾਜਾਈ ਬਣਾਉਣ,
* ਹਰ ਵਾਰਡ ਵਿੱਚ ਮਿਲਣ-ਜੁਲਣ ਦੀਆਂ ਥਾਵਾਂ ਵਿਕਸਤ ਕਰਨ,
* ਘਰ-ਅਧਾਰਿਤ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ,
* ਇਕੱਲੇ ਰਹਿੰਦੇ ਬਜ਼ੁਰਗਾਂ ਦੀ ਪਛਾਣ ਅਤੇ ਨਿਯਮਿਤ ਸੰਪਰਕ ਦੀ ਪ੍ਰਣਾਲੀ ਬਣਾਉਣ,
* ਡਿਜ਼ੀਟਲ ਸੇਵਾਵਾਂ ਲਈ ਬਜ਼ੁਰਗਾਂ ਨੂੰ ਸਿਖਲਾਈ ਦੇਣ,
* ਅਤੇ ਬਜ਼ੁਰਗਾਂ ਨਾਲ ਦੁਰਵਿਵਹਾਰ, ਧੋਖਾਧੜੀ ਅਤੇ ਆਰਥਿਕ ਸ਼ੋਸ਼ਣ ਤੋਂ ਸੁਰੱਖਿਆ ਯਕੀਨੀ ਬਣਾਉਣ।

ਸ਼ਹਿਰੀਕਰਨ ਨੂੰ ਰੋਕਣਾ ਸੰਭਵ ਨਹੀਂ ਹੈ। ਸਵਾਲ ਇਹ ਹੈ ਕਿ ਕੀ ਅਸੀਂ ਅਜਿਹੇ ਸ਼ਹਿਰ ਬਣਾ ਸਕਦੇ ਹਾਂ ਜਿੱਥੇ ਆਧੁਨਿਕਤਾ ਅਤੇ ਬਜ਼ੁਰਗਾਂ ਦੀ ਸੰਭਾਲ ਅਤੇ ਇੱਜ਼ਤ ਇਕੱਠੇ ਚੱਲਣ ?

ਬਜ਼ੁਰਗਾਂ ਨੂੰ ਪਰਿਵਾਰ ਦੀ ਜ਼ਿੰਮੇਵਾਰੀ ਕਹਿ ਕੇ ਸਰਕਾਰ ਤੋਂ ਪੂਰੀ ਤਰ੍ਹਾਂ ਵੱਖ ਨਹੀਂ ਕੀਤਾ ਜਾ ਸਕਦਾ ਅਤੇ ਸਰਕਾਰ ਨੂੰ ਸਾਰੀ ਜ਼ਿੰਮੇਵਾਰੀ ਦੇ ਕੇ ਪਰਿਵਾਰ ਆਪਣਾ ਫ਼ਰਜ਼ ਨਹੀਂ ਭੁੱਲ ਸਕਦਾ। ਬਜ਼ੁਰਗ-ਸੰਭਾਲ ਇੱਕ ਸਾਂਝੀ ਸਮਾਜਕ ਜ਼ਿੰਮੇਵਾਰੀ ਹੈ।

ਅੱਜ ਲੋੜ ਹੈ ਕਿ ਅਸੀਂ ਬਜ਼ੁਰਗਾਂ ਨੂੰ ਸਿਰਫ਼ ਦੇਖਭਾਲ ਲੈਣ ਵਾਲੇ ਲੋਕ ਨਾ ਸਮਝੀਏ। ਉਨ੍ਹਾਂ ਕੋਲ ਤਜਰਬਾ, ਗਿਆਨ, ਪਰਿਵਾਰਕ ਯਾਦਾਂ, ਸਮਾਜਕ ਸੂਝ ਅਤੇ ਅਗਲੀ ਪੀੜ੍ਹੀ ਨੂੰ ਦੇਣ ਲਈ ਅਨਮੋਲ ਪੂੰਜੀ ਹੈ।

ਸ਼ਹਿਰ ਦੀ ਉਚਾਈ ਉਸ ਦੀਆਂ ਇਮਾਰਤਾਂ ਨਾਲ ਨਹੀਂ, ਸਗੋਂ ਇਸ ਗੱਲ ਨਾਲ ਮਾਪੀ ਜਾਣੀ ਚਾਹੀਦੀ ਹੈ ਕਿ ਉੱਥੇ ਬਜ਼ੁਰਗ ਕਿੰਨੀ ਸੁਰੱਖਿਆ, ਖੁਦਮੁਖਤਿਆਰੀ ਅਤੇ ਇੱਜ਼ਤ ਨਾਲ ਜੀ ਸਕਦੇ ਹੈ।

ਸਰਕਾਰ ਨੂੰ ਵੀ ਬੁਜ਼ੁਰਗਾਂ ਦੀ ਸਿਹਤ ਸੁਵਿਧਾਵਾਂ ਨੂੰ ਯਕੀਨੀ ਬਣਾਉਣਾ ਚਾਹੁੰਦਾ ਹੈ ਅਤੇ ਬੁਜ਼ੁਰਗਾਂ ਦੀ ਸੇਵਾ ਨਾ ਕਰਨ ਵਾਲਿਆਂ ਅਤੇ ਬੁਜ਼ੁਰਗਾਂ ਨੂੰ ਘਰੋਂ ਕੱਢ ਦੇਣ ਵਾਲੀਆਂ ਵਿਰੁੱਧ ਕਨੂੰਨ ਵਿੱਚ ਸਖ਼ਤੀ ਲਿਆਉਣੀ ਚਾਹੁੰਦੀ ਹੈ

ਤੇਜ਼ੀ ਨਾਲ ਬਦਲਦੇ ਸ਼ਹਿਰਾਂ ਵਿੱਚ ਸਭ ਤੋਂ ਵੱਡੀ ਚੁਣੌਤੀ ਸਿਰਫ਼ ਇਹ ਨਹੀਂ ਕਿ ਅਸੀਂ ਕਿੰਨਾ ਵਿਕਾਸ ਕੀਤਾ ਹੈ ਮੁੱਦਾ ਇਹ ਹੈ ਕਿ ਇਸ ਵਿਕਾਸ ਵਿੱਚ ਸਾਡੇ ਬਜ਼ੁਰਗ ਕਿੱਥੇ ਖੜ੍ਹੇ ਹਨ।

# ਮਾਨ ਦੇ ਮੁਨਾਫ਼ਿਆਂ' ਨੇ ਪੰਜਾਬ ਵਾਸੀ ਕੀਤੇ ਸੁਖਾਲੇ: ਡਾ. ਬਲਬੀਰ ਸਿੰਘ

**➢ ਸਿਹਤ ਮੰਤਰੀ ਨੇ ਅਪਣੇ ਹਲਕੇ 'ਚ ਆਪ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ 'ਮਾਨ ਦੇ ਮੁਨਾਫ਼ੇ' ਤਹਿਤ ਘਰ-ਘਰ ਪਹੁੰਚਾਉਣ ਦੀ ਸ਼ੁਰੂਆਤ ਕੀਤੀ ➢ ਭਗਵੰਤ ਮਾਨ ਨੇ ਜੋ ਕਿਹਾ ਉਸ ਤੋਂ ਵੀ ਵੱਧ ਕਰਕੇ ਦਿਖਾਇਆ: ਡਾ. ਬਲਬੀਰ ਸਿੰਘ**

**ਪਟਿਆਲਾ, 19 ਸਤੰਬਰ**
**-ਛਤਰਪਾਲ ਸਿੰਘ-**
**-ਸ਼ਹੀਦ-ਏ-ਆਜ਼ਮ-ਬਿਊਰੋ-**

ਮਾਨ ਦੇ ਮੁਨਾਫ਼ਿਆਂ' ਨੇ ਪੰਜਾਬ ਵਾਸੀ ਹਰ ਪੱਖੋਂ ਸੁਖਾਲੇ ਕਰ ਦਿੱਤੇ ਹਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋ ਕਿਹਾ ਸੀ ਉਸ ਤੋਂ ਵੀ ਵੱਧ ਕਰਕੇ ਦਿਖਾਇਆ ਹੈ ਜਿਸ ਕਰਕੇ ਵਿਰੋਧੀ ਪਾਰਟੀਆਂ ਕੋਲ ਮਾਨ ਸਰਕਾਰ ਵਿਰੁੱਧ ਬੋਲਣ ਨੂੰ ਹੁਣ ਕੁਝ ਨਹੀਂ ਬਚਿਆ ਹੈ। ਇਹ ਪ੍ਰਗਟਾਵਾ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਅਪਣੇ ਹਲਕੇ ਪਟਿਆਲਾ ਦਿਹਾਤੀ 'ਚ ਆਪ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ 'ਮਾਨ ਦੇ ਮੁਨਾਫ਼ੇ' ਤਹਿਤ ਘਰ-ਘਰ ਪਹੁੰਚਾਉਣ ਦੀ ਸ਼ੁਰੂਆਤ ਕਰਨ ਮੌਕੇ ਕੀਤਾ।



ਡਾ. ਬਲਬੀਰ ਸਿੰਘ ਸੋਮਵਾਰ ਸਵੇਰੇ ਵਾਰਡ ਨੰਬਰ 8, ਤ੍ਰਿਪੜੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਸ਼ਮੀਰੀਆਂ ਅਤੇ ਸਿੱਧ ਸ਼੍ਰੀ ਹਨੂਮਾਨ ਮੰਦਰ ਵਿਖੇ ਨਤਮਸਤਕ ਹੋਣ ਮਗਰੋਂ ਸਥਾਨਕ ਵਾਸੀਆਂ ਦੇ ਘਰ ਪਹੁੰਚੇ। ਉਨ੍ਹਾਂ 'ਮਾਨ ਦੇ ਮੁਨਾਫ਼ੇ' ਗਿਣਾਉਂਦਿਆਂ ਦੱਸਿਆ ਕਿ ਇੱਕ ਆਮ ਪੰਜਾਬੀ ਪਰਿਵਾਰ ਦਾ ਸਾਲਾਨਾ ਮੁਨਾਫ਼ਾ 1,82,000 ਰੁਪਏ ਹੈ, ਜਿਸ ਵਿੱਚ ਮਾਵਾਂ-ਧੀਆਂ ਸਤਿਕਾਰ ਯੋਜਨਾ, ਬਿਜਲੀ ਬਿੱਲ ਜ਼ੀਰੋ, ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ, ਸਰਕਾਰੀ ਸਕੂਲ ਵਿੱਚ ਮੁਫ਼ਤ ਸਿੱਖਿਆ, ਬੁਢਾਪਾ ਪੈਨਸ਼ਨ, ਆਮ ਆਦਮੀ ਕਲੀਨਿਕ ਮੁਫ਼ਤ ਟੈਸਟ ਤੇ ਦਵਾਈਆਂ, ਰਾਸ਼ਨ, ਮੁਫ਼ਤ ਤੀਰਥ ਯਾਤਰਾ ਸਮੇਤ ਖੇਤੀ ਲਈ ਮੁਫਤ ਬਿਜਲੀ, ਅਸ਼ੀਰਵਾਦ ਸਕੀਮ ਆਦਿ ਨੇ ਹਰ ਪਰਿਵਾਰ ਨੂੰ ਲਾਭ ਪਹੁੰਚਾਇਆ ਹੈ। ਇਸ ਮੌਕੇ ਲੋਕਾਂ ਨੇ ਸਿਹਤ ਮੰਤਰੀ ਦਾ ਭਰਵਾਂ ਸਵਾਗਤ ਕਰਦਿਆਂ ਆਪਣੇ ਪਰਿਵਾਰ ਨੂੰ ਹੋਏ ਫਾਇਦਿਆਂ ਬਾਰੇ ਦੱਸਿਆ ਅਤੇ ਮਾਨ ਸਰਕਾਰ ਦੀ ਸ਼ਲਾਘਾ ਕੀਤੀ।

ਸਿਹਤ ਮੰਤਰੀ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਜਦੋਂ ਕੋਈ ਪਾਰਟੀ ਲੋਕਾਂ ਕੋਲ ਜਾ ਕੇ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਲੈਕੇ ਘਰ-ਘਰ ਜਾ ਰਹੀ ਹੋਵੇ। ਉਨ੍ਹਾਂ ਕਿਹਾ ਕਿ ਇਹ ਕੇਵਲ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਸਦਕਾ ਹੀ ਸੰਭਵ ਹੋਇਆ ਹੈ ਉਨ੍ਹਾਂ ਕਿਹਾ ਕਿ ਕੱਲ੍ਹ ਸਾਡੇ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਕੋਲ ਗਏ ਸਨ, ਅੱਜ ਸਾਰੇ ਮੰਤਰੀਆਂ ਨੇ ਲੋਕਾਂ ਤੱਕ ਪਹੁੰਚ ਕੀਤੀ ਹੈ ਤੇ ਕੱਲ੍ਹ ਨੂੰ ਸਾਰੇ ਆਪ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨੇ ਲੋਕਾਂ ਕੋਲ ਜਾਣਾ ਹੈ ਅਤੇ ਫੇਰ ਸਾਡੇ ਬਲਾਕ ਪ੍ਰਧਾਨ, ਚੇਅਰਮੈਨ, ਸਾਰੇ ਅਹੁਦੇਦਾਰ ਤੇ 2.68 ਲੱਖ ਵਲੰਟੀਅਰ ਹਨ ਜੋਕਿ 65 ਲੱਖ ਪਰਿਵਾਰਾਂ ਦੇ ਹਰ ਘਰ-ਘਰ ਜਾਣਗੇ।ਉਨ੍ਹਾਂ ਕਿਹਾ ਕਿ ਹੁਣ ਵਿਰੋਧੀ ਪਾਰਟੀਆਂ ਕੋਲ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਬੋਲਣ ਲਈ ਕੁਝ ਨਹੀਂ ਬਚਿਆ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਹਰਪਾਲ ਸਿੰਘ ਵਿਰਕ, ਜ਼ਿਲ੍ਹਾ ਪ੍ਰਧਾਨ ਮੁਕਤਾ ਗੁਪਤਾ, ਕਰਨਲ ਜੇਵੀ, ਜਸਬੀਰ ਸਿੰਘ ਗਾਂਧੀ, ਸੁਰੇਸ਼ ਰਾਏ, ਕੌਂਸਲਰ ਜਤਿੰਦਰ ਕੌਰ ਐਸਕੇ ਚਰਨਜੀਤ ਸਿੰਘ ਸ਼ੰਕਰ ਖੁਰਾਣਾ, ਨਿਤਿਨ ਖੁਰਾਣਾ, ਦੀਪਕ ਮਿੱਤਲ, ਭੁਪਿੰਦਰ ਸਿੰਘ ਨੰਬਰਦਾਰ, ਗੱਜਣ ਸਿੰਘ, ਹਰੀਸ਼, ਰਵਿੰਦਰ ਰਵੀ, ਨੀਰਜ ਕੁਮਾਰ, ਬਬਲੀ ਕੌਰ, ਭਾਰਤੀ, ਸ਼ਸ਼ੀ, ਹਰਬੰਸ ਸਿੰਘ ਫੌਜੀ, ਅਰਸ਼ਦੀਪ ਸਿੰਘ, ਅਵਤਾਰ ਸਿੰਘ, ਰਣਜੀਤ ਸਿੰਘ ਝਿਲ ਸਮੇਤ ਵੱਡੀ ਗਿਣਤੀ ਵਲੰਟੀਅਰ ਤੇ ਸਥਾਨਕ ਲੋਕ ਹਾਜ਼ਰ ਸਨ।

## ਰੋਲ ਆਬਜ਼ਰਵਰ ਵੱਲੋਂ ਸਮੂਹ ਚੋਣ ਹਲਕਿਆਂ ਦੇ ਚੋਣਕਰ ਰਜਿਸਟਰੇਸ਼ਨ ਅਫਸਰਾਂ ਨਾਲ ਦਾਅਵੇ ਅਤੇ ਇਤਰਾਜ਼ਾਂ ਦੀ ਸੁਪਰ ਚੈਕਿੰਗ ਸਬੰਧੀ ਕੀਤੀ ਵਿਸ਼ੇਸ਼ ਮੀਟਿੰਗ

**ਫ਼ਤਹਿਗੜ੍ਹ ਸਾਹਿਬ, 4 ਸਤੰਬਰ**
**-ਜੀ. ਐਸ. ਤੁੰਗ-**
**-ਸ਼ਹੀਦ-ਏ-ਆਜ਼ਮ-ਬਿਊਰੋ-**

ਸਪੈਸ਼ਲ ਇੰਟੈਂਸਿਵ ਰਵੀਜ਼ਨ-2026 ਸਬੰਧੀ ਪ੍ਰਿੰਸੀਪਲ ਸੈਕਟਰੀ, ਡਿਫੈਂਸ ਸਰਵਸਿਜ਼ ਵੈਲਫੇਅਰ-ਕਮ- ਰੋਲ ਆਬਜ਼ਰਵਰ ਸੁਮੇਰ ਸਿੰਘ ਗੁਰਜ਼ਰ, ਆਈ.ਏ.ਐੱਸ, ਵੱਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਰਬੀਰ ਕੌਰ ਭੁੱਲਰ ਅਤੇ ਸਮੂਹ ਚੋਣ ਹਲਕਿਆਂ ਦੇ ਚੋਣਕਰ ਰਜਿਸਟਰੇਸ਼ਨ ਅਫਸਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਰੋਲ ਆਬਜ਼ਰਵਰ ਸ੍ਰੀ ਸੁਮੇਰ ਸਿੰਘ ਗੁਰਜ਼ਰ ਨੇ ਸਪੈਸ਼ਲ ਇੰਟੈਂਸਿਵ ਰਵੀਜ਼ਨ-2026 ਦੌਰਾਨ 13 ਅਗਸਤ ਤੋਂ 12 ਸਤੰਬਰ



2026 ਤੱਕ ਪ੍ਰਾਪਤ ਹੋਏ ਦਾਅਵੇ ਅਤੇ ਇਤਰਾਜ਼ਾਂ ਦੀ ਸੁਪਰ ਚੈਕਿੰਗ ਕੀਤੀ ਗਈ।

ਉਨ੍ਹਾਂ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਅਧੂਰੇ ਦਸਤਾਵੇਜ਼ਾਂ ਵਾਲੇ ਪ੍ਰਾਪਤ ਫਾਰਮਾਂ ਦੀ ਮੁੜ ਜਾਂਚ ਕਰਨੀ ਯਕੀਨੀ ਬਣਾਈ ਜਾਵੇ ਤਾਂ ਕੋਈ ਵੀ ਯੋਗ ਵੋਟਰ ਵੋਟ ਬਣਾਉਣ ਤੋਂ ਵਾਂਝਾ ਨਾ ਰਹੇ। ਉਨ੍ਹਾਂ ਸਮੂਹ ਚੋਣ ਹਲਕਿਆਂ ਦੀਆਂ ਫੋਟੋ ਵਾਲੀਆਂ ਵੋਟਰ ਸੂਚੀਆਂ ਦਾ ਜਾਇਜ਼ਾ ਲੈਂਦਿਆਂ ਸੰਤੁਸ਼ਟੀ ਪ੍ਰਗਟਾਈ।

ਇਸ ਮੌਕੇ ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਸ੍ਰੀ ਕਰੁਣ ਗੁਪਤਾ, ਐਸ.ਡੀ.ਐਮ. ਬਸੀ ਪਠਾਣਾ ਸ੍ਰੀਮਤੀ ਦੀਪਜੋਤ ਕੌਰ, ਐਸ.ਡੀ.ਐਮ.ਅਮਲੋਹ ਸ੍ਰੀਮਤੀ ਹਰਵੀਰ ਕੌਰ, ਤਹਿਸੀਲਦਾਰ ਚੋਣਾਂ ਸ੍ਰੀਮਤੀ ਨਿਰਮਲਾ ਰਾਣੀ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।




## ਗ੍ਰਿੱਡ ਦੇ ਪ੍ਰਿੰਸੀਪਲ ਨੂੰ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ

**ਨਵੀਂ ਦਿੱਲੀ, 19 ਸਤੰਬਰ**
**-ਚੌਧਰੀ ਪ੍ਰਭਜੀਤ ਸਿੰਘ-**

ਸਥਿਤ 'ਗਵਰਨਮੈਂਟ ਰੀਹੈਬਿਲਿਟੇਸ਼ਨ ਇੰਸਟੀਟਿਊਟ ਫੌਰ ਇੰਟੈਲੈਕਚੁਅਲ ਡਿਸਏਬਿਲਿਟੀਜ਼' (ਗ੍ਰਿੱਡ), ਸੈਕਟਰ-31, ਚੰਡੀਗੜ੍ਹ ਦੇ ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਨੂੰ ਨਵੀਂ ਦਿੱਲੀ ਸਥਿਤ 'ਇੰਡੀਅਨ ਸੋਸਾਇਟੀ ਆਵ ? ਇੰਟਰਨੈਸ਼ਨਲ ਲਾਅ', ਸੁਪਰੀਮ ਕੋਰਟ ਕੰਪਲੈਕਸ ਵਿਖੇ ਆਯੋਜਿਤ ਸਮਾਰੋਹ ਦੌਰਾਨ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਇਹ ਅਵਾਰਡ ਵਿਸ਼ੇਸ਼ ਸਿੱਖਿਆ ਅਤੇ ਬੌਧਿਕ ਦਿੱਵਯਾਂਗਜਨਾਂ ਦੇ ਪੁਨਰਵਾਸ, ਸਮਾਵੇਸ਼ਨ ਅਤੇ ਸਸ਼ਕਤੀਕਰਣ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਪ੍ਰਦਾਨ ਕੀਤਾ ਗਿਆ। 'ਅੰਤਰਰਾਸ਼ਟਰੀਯ ਸਮਰਸਤਾ ਮੰਚ' ਵੱਲੋਂ ਆਯੋਜਿਤ ਇਸ ਸਮਾਰੋਹ ਵਿੱਚ ਵਿਭਿੰਨ ਉੱਘੀਆਂ ਸ਼ਖ਼ਸੀਅਤਾਂ, ਸਿੱਖਿਆ ਸ਼ਾਸਤਰੀਆਂ ਅਤੇ ਸਹਿਭਾਗੀ ਦੇਸ਼ਾਂ ਨਾਲ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਇਸ ਅਵਸਰ 'ਤੇ ਦੇਸ਼ ਦੇ ਵਿਭਿੰਨ ਰਾਜਾਂ ਦੇ ਕੁੱਲ 51 ਅਧਿਆਪਕਾਂ ਨੂੰ 'ਵੈਸ਼ਵਿਕ ਸ਼ਿਕਸ਼ਕ ਰਤਨ ਅਵਾਰਡ' ਅਤੇ 'ਸ਼ਿਕਸ਼ਕ ਗੌਰਵ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸ਼੍ਰੀ ਅਨਿਲ ਕੁਮਾਰ ਨੇ ਆਯੋਜਕਾਂ ਦਾ ਆਭਾਰ ਵਿਅਕਤ ਕਰਦੇ ਹੋਏ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਬੌਧਿਕ ਦਿੱਵਯਾਂਗਜਨਾਂ ਦੀ ਸਿੱਖਿਆ ਅਤੇ ਸਸ਼ਕਤੀਕਰਣ ਲਈ ਨਿਰੰਤਰ ਕਾਰਜ ਕਰਨ ਦੀ ਪ੍ਰੇਰਣਾ ਦੇਵੇਗਾ। ਉਨ੍ਹਾਂ ਨੇ ਇਸ ਉਪਲਬਧੀ ਦਾ ਕ੍ਰੈਡਿਟ ਨੂੰ ਗ੍ਰਿੱਡ ਦੀ ਪੂਰੀ ਟੀਮ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਵਯਾਂਗਜਨਾਂ ਦੇ ਕਲਿਆਣ ਲਈ ਕਾਰਜਰਤ ਸਾਰੇ ਹਿਤਧਾਰਕਾਂ ਨੂੰ ਦਿੱਤਾ।

## ਪਟਿਆਲਾ ਜ਼ਿਲ੍ਹੇ ਦੇ ਪਿੰਡਾਂ 'ਚ ਸਵੱਛਤਾ ਹੀ ਸੇਵਾ 2026 ਮੁਹਿੰਮ ਦਾ ਆਗਾਜ਼

**ਪਟਿਆਲਾ, 19 ਸਤੰਬਰ**
**-ਜੀ. ਐਸ. ਤੁੰਗ-**

ਪਟਿਆਲਾ ਦੇ ਏ.ਡੀ.ਸੀ. (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਦੱਸਿਆ ਹੈ ਕਿ ਅੱਜ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ 'ਚ ਸਵੱਛਤਾ ਹੀ ਸੇਵਾ 2026 ਮੁਹਿੰਮ ਦਾ ਆਗਾਜ਼ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ ਇਸ ਦੌਰਾਨ ਅਹਿਮ ਭੂਮਿਕਾ ਨਿਭਾਉਣਗੀਆਂ। ਏਡੀਸੀ ਮਾਨ ਨੇ ਕਿਹਾ ਕਿ 17 ਸਤੰਬਰ ਤੋਂ ਸ਼ੁਰੂ ਹੋਈਆਂ ਵਿਸ਼ੇਸ਼ ਸਫ਼ਾਈ ਤੇ ਜਾਗਰੂਕਤਾ ਗਤੀਵਿਧੀਆਂ 2 ਅਕਤੂਬਰ ਤੱਕ ਚੱਲਣਗੀਆਂ।

ਇਸ ਮੌਕੇ ਡੀ.ਐੱਸ.ਓ. ਰਸ਼ਪਿੰਦਰ ਸਿੰਘ ਦੀ ਦੇਖ-ਰੇਖ ਹੇਠ ਅੱਜ ਜ਼ਿਲ੍ਹਾ ਪ੍ਰੀਸ਼ਦ, ਪਟਿਆਲਾ ਵਿਖੇ ਜ਼ਿਲ੍ਹਾ ਪੱਧਰੀ ਸਵੱਛਤਾ ਹੀ ਸੇਵਾ 2026 ਮੁਹਿੰਮ ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਸ ਸਮਾਰੋਹ ਵਿੱਚ ਐੱਸ.ਡੀ.ਐੱਮ. ਸਮਾਣਾ ਰਿਚਾ ਗੋਇਲ, ਡਿਪਟੀ ਸੀ.ਈ.ਓ. ਅਮਨਦੀਪ ਕੌਰ ਅਤੇ ਡੀ.ਡੀ.ਪੀ.ਓ. ਮਹਿੰਦਰ ਸਿੰਘ ਸਮੇਤ ਸਮੂਹ ਬਲਾਕਾਂ



ਨਾਭਾ, ਸਮਾਣਾ, ਰਾਜਪੁਰਾ, ਸਨੌਰ, ਪਾਤੜਾਂ, ਭੁਨਰਹੇੜੀ, ਘਨੌਰ, ਸ਼ੰਭੂ ਕਲਾਂ ਅਤੇ ਪਟਿਆਲਾ ਦੇ ਬੀ.ਡੀ.ਪੀ.ਓਜ਼ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸਮਾਜਿਕ ਸਟਾਫ਼ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਸ਼ੁਰੂਆਤ ਦੇ ਨਾਲ ਹੀ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਵਿੱਚ 'ਸਵੱਛਤਾ ਹੀ ਸੇਵਾ 2026' ਤਹਿਤ ਗਤੀਵਿਧੀਆਂ ਦਾ ਆਗਾਜ਼ ਹੋ ਗਿਆ ਹੈ ਅਤੇ ਇਹ ਮੁਹਿੰਮ (ਗਾਂਧੀ ਜਯੰਤੀ) ਤੱਕ ਨਿਰੰਤਰ ਜਾਰੀ ਰਹੇਗੀ। ਮੁਹਿੰਮ ਦਾ ਮੁੱਖ ਉਦੇਸ਼ ਪਿੰਡਾਂ ਵਿੱਚ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ, ਗ੍ਰਾਮ ਪੰਚਾਇਤਾਂ ਅਤੇ ਲੋਕਾਂ ਦੀ ਭਾਗੀਦਾਰੀ ਵਧਾਉਣਾ, ਪੇਂਡੂ ਕੂੜੇ ਦਾ ਸਹੀ ਨਿਪਟਾਰਾ (ਠੋਸ ਤੇ ਤਰਲ ਰਹਿੰਦ-ਖੂੰਹਦ ਦਾ ਪ੍ਰਬੰਧਨ) ਅਤੇ ਜਨਤਕ ਜਾਗਰੂਕਤਾ ਪੈਦਾ ਕਰਨਾ ਹੈ।

ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ 2 ਅਕਤੂਬਰ ਤੱਕ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿੱਚ ਸਫ਼ਾਈ ਮੁਹਿੰਮਾਂ, ਜਾਗਰੂਕਤਾ ਰੈਲੀਆਂ ਅਤੇ ਗ੍ਰਾਮ ਸਭਾਵਾਂ ਦੇ ਸਹਿਯੋਗ ਨਾਲ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ ਤਾਂ ਜੋ ਪੂਰੇ ਪੇਂਡੂ ਪਟਿਆਲਾ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸਿਹਤਮੰਦ ਬਣਾਇਆ ਜਾ ਸਕੇ।

# ਕੇ.ਵੀ.ਕੇ. ਵਿਖੇ ਦੋ ਰੋਜ਼ਾ 'ਫਾਰਮਰ-ਸਾਇੰਟਿਸਟ ਇੰਟਰਐਕਸ਼ਨ' ਕਰਵਾਇਆ



**ਫ਼ਤਹਿਗੜ੍ਹ ਸਾਹਿਬ, 4 ਸਤੰਬਰ**
**-ਜੀ. ਐਸ. ਤੁੰਗ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਧੀਨ ਚੱਲ ਰਹੀ ਆਤਮਾ ਸਕੀਮ ਤਹਿਤ ਕੇ.ਵੀ.ਕੇ. ਫ਼ਤਹਿਗੜ੍ਹ ਸਾਹਿਬ ਵਿਖੇ ਦੋ ਰੋਜ਼ਾ 'ਫਾਰਮਰ-ਸਾਇੰਟਿਸਟ ਇੰਟਰਐਕਸ਼ਨ' ਕਰਵਾਇਆ ਗਿਆ। ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਡਾ. ਜਗਦੇਵ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਕਿਸਾਨਾਂ ਨੂੰ ਹਾੜ੍ਹੀ ਦੀਆਂ ਫ਼ਸਲਾਂ ਸਬੰਧੀ ਨਵੀਨਤਮ ਤਕਨੀਕੀ ਜਾਣਕਾਰੀ ਦੇਣ, ਖਾਦਾਂ ਦੀ ਸੰਤੁਲਿਤ ਵਰਤੋਂ, ਪਰਾਲੀ ਪ੍ਰਬੰਧਨ, ਫ਼ਸਲੀ ਵਿਭਿੰਨਤਾ ਅਤੇ ਖੇਤੀਬਾੜੀ ਤੇ ਸਹਾਇਕ ਵਿਭਾਗਾਂ ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਸਾਂਝੇ ਤੌਰ 'ਤੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਡਾ. ਅਜੇ ਕੁਮਾਰ, ਕੇ.ਵੀ.ਕੇ. ਵੱਲੋਂ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਅਤੇ ਪਰਾਲੀ ਪ੍ਰਬੰਧਨ ਸਬੰਧੀ ਜਾਣਕਾਰੀ ਦਿੱਤੀ ਗਈ। ਡਾ. ਸੰਜੀਵ ਕੋਹਲੀ ਨੇ ਪਸ਼ੂ ਪਾਲਣ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਅਤੇ ਪਸ਼ੂਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਤੇ ਉਨ੍ਹਾਂ ਦੀ ਰੋਕਥਾਮ ਸਬੰਧੀ ਜਾਣਕਾਰੀ ਸਾਂਝੀ ਕੀਤੀ। ਡਾ. ਹਰਮਨਜੀਤ ਸਿੰਘ, ਡਿਪਟੀ ਪ੍ਰੋਜੈਕਟ ਡਾਇਰੈਕਟਰ, ਆਤਮਾ ਨੇ ਕਿਸਾਨਾਂ ਨੂੰ ਆਤਮਾ ਸਕੀਮ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਅਪਣਾਉਣ ਅਤੇ ਤੇਲਬੀਜ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਡਾ. ਜਤਿੰਦਰ ਸਿੰਘ, ਡਾ. ਬਾਲ ਕ੍ਰਿਸ਼ਨ, ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ, ਡਾ. ਸੁਖਵਿੰਦਰ ਕੌਰ, ਮੱਛੀ ਪਾਲਣ ਵਿਭਾਗ, ਡਾ. ਅਰਵਿੰਦਰਪ੍ਰੀਤ ਕੌਰ, ਡਾ. ਮਨੀਸ਼ਾ ਭਾਟੀਆ, ਕੇ.ਵੀ.ਕੇ. ਅਤੇ ਸ੍ਰੀ ਅਜੇ ਕੁਮਾਰ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਪਟਿਆਲਾ ਨਸ਼ਾ ਛੁਡਾਊ ਕੇਂਦਰ ਦਾ ਅਚਾਨਕ ਨਿਰੀਖਣ, ਮਨੁੱਖੀ ਅਧਿਕਾਰ ਕਮਿਸ਼ਨ ਨੇ 35 ਮਰੀਜ਼ਾਂ ਲਈ ਇੱਕ ਟਾਇਲਟ 'ਤੇ ਚਿੰਤਾ ਪ੍ਰਗਟ ਕੀਤੀ

**ਪਟਿਆਲਾ, 19 ਸਤੰਬਰ**
**-ਬਲਜੀਤ ਸਰਨਾ-**

ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਸਿੰਘ ਸ਼ੰਟੀ ਨੇ ਐਤਵਾਰ ਨੂੰ ਪਟਿਆਲਾ ਵਿੱਚ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਦਾ ਅਚਾਨਕ ਨਿਰੀਖਣ ਕੀਤਾ ਅਤੇ ਕੇਂਦਰ ਵਿੱਚ ਮੁੱਢਲੀਆਂ ਸਹੂਲਤਾਂ ਅਤੇ ਸਫਾਈ ਦਾ ਜਾਇਜ਼ਾ ਲਿਆ। ਸ਼ਾਂਤੀ ਨੇ ਕੇਂਦਰ ਵਿੱਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਮਿਲ ਰਹੇ ਭੋਜਨ, ਸਲਾਹ, ਇਲਾਜ, ਕਸਰਤ ਅਤੇ ਖੇਡ ਗਤੀਵਿਧੀਆਂ ਬਾਰੇ ਪੁੱਛਿਆ। ਉਨ੍ਹਾਂ ਕਿਹਾ ਕਿ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਕਰਵਾ ਰਹੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਅਤੇ ਉਪਲਬਧ ਸਹੂਲਤਾਂ ਦੀ ਨਿਯਮਤ ਨਿਗਰਾਨੀ ਜ਼ਰੂਰੀ ਹੈ।



ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਲਗਭਗ 35 ਮਰੀਜ਼ ਦਾਖਲ ਹੋਏ ਸਨ। ਸ਼ੰਟੀ ਦੇ ਅਨੁਸਾਰ, ਨਿਰੀਖਣ ਦੌਰਾਨ ਸਭ ਤੋਂ ਵੱਡੀ ਕਮੀ ਸਫਾਈ ਅਤੇ ਬਾਥਰੂਮਾਂ ਦੀ ਗਿਣਤੀ ਸੀ। ਉਨ੍ਹਾਂ ਕਿਹਾ ਕਿ ਲਗਭਗ 35 ਮਰੀਜ਼ਾਂ ਲਈ ਸਿਰਫ਼ ਇੱਕ ਹੀ ਟਾਇਲਟ ਸੀ, ਅਤੇ ਇਸ ਦੀਆਂ ਸੀਟਾਂ ਟੁੱਟੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਸਫਾਈ ਵਿੱਚ ਸੁਧਾਰ ਦੀ ਲੋੜ ਹੈ, ਅਤੇ ਕਮਿਸ਼ਨ ਇਸ ਸਬੰਧ ਵਿੱਚ ਸਬੰਧਤ ਅਧਿਕਾਰੀਆਂ ਨੂੰ ਇੱਕ ਰਿਪੋਰਟ ਅਤੇ ਸਲਾਹ ਭੇਜੇਗਾ। ਸ਼ਾਂਤੀ ਨੇ ਦੱਸਿਆ ਕਿ ਮਰੀਜ਼ਾਂ ਨਾਲ ਇੰਟਰਵਿਊ ਦੌਰਾਨ, ਉਨ੍ਹਾਂ ਦੇ ਨਸ਼ੇ ਦੇ ਕਾਰਨਾਂ ਅਤੇ ਉਨ੍ਹਾਂ ਨੂੰ ਨਸ਼ੇ ਕਿੱਥੋਂ ਮਿਲੇ, ਬਾਰੇ ਜਾਣਕਾਰੀ ਇਕੱਠੀ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਵਿੱਚ ਇੱਕ 16 ਸਾਲ ਦਾ ਬੱਚਾ ਵੀ ਮਿਲਿਆ, ਜਿਸਨੇ ਕਥਿਤ ਤੌਰ 'ਤੇ 14 ਸਾਲ ਦੀ ਉਮਰ ਵਿੱਚ ਨਸ਼ੇ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ ਅਤੇ ਹੁਣ ਨਸ਼ਾ ਛੱਡਣ ਲਈ ਇਲਾਜ ਅਧੀਨ ਹੈ।

ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਸਿਰਫ਼ ਕਮਰਿਆਂ ਤੱਕ ਸੀਮਤ ਰੱਖਣ ਦੀ ਬਜਾਏ, ਉਨ੍ਹਾਂ ਨੂੰ ਸਲਾਹ, ਕਸਰਤ ਅਤੇ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ ਮਹੱਤਵਪੂਰਨ ਹੈ ਤਾਂ ਜੋ ਉਹ ਆਮ ਜ਼ਿੰਦਗੀ ਵਿੱਚ ਵਾਪਸ ਆ ਸਕਣ। ਸ਼ਾਂਤੀ ਨੇ ਦਾਅਵਾ ਕੀਤਾ ਕਿ ਕੁਝ ਮਰੀਜ਼ਾਂ ਨੇ ਲੁਧਿਆਣਾ ਦੇ ਇੱਕ ਖੇਤਰ ਤੋਂ ਨਸ਼ੇ ਪ੍ਰਾਪਤ ਕਰਨ ਦੀ ਰਿਪੋਰਟ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਪ੍ਰਾਪਤ ਜਾਣਕਾਰੀ ਨੂੰ ਇੱਕ ਰਿਪੋਰਟ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਭੇਜਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਚੱਲ ਰਹੇ ਨਸ਼ਾ ਛੁਡਾਊ ਕੇਂਦਰਾਂ ਬਾਰੇ ਜਾਣਕਾਰੀ ਵੀ ਇਕੱਠੀ ਕੀਤੀ ਜਾ ਰਹੀ ਹੈ। ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਤੋਂ ਕੇਂਦਰਾਂ ਦੀ ਸੂਚੀ ਮੰਗੀ ਗਈ ਹੈ, ਅਤੇ ਬਿਨਾਂ ਲਾਇਸੈਂਸ ਦੇ ਕੰਮ ਕਰਨ ਵਾਲੇ ਜਾਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕੇਂਦਰਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਨਾਮ 'ਤੇ ਅਣਅਧਿਕਾਰਤ ਤੌਰ 'ਤੇ ਕੰਮ ਕਰਨ ਵਾਲੇ ਸੰਗਠਨਾਂ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਕੋਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ 'ਤੇ ਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਇੱਕ ਪ੍ਰਣਾਲੀ ਹੈ।

ਸ਼ੰਟੀ ਨੇ ਜਨਤਾ ਨੂੰ ਨਸ਼ਿਆਂ ਦੀ ਗੈਰ-ਕਾਨੂੰਨੀ ਵਿਕਰੀ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਅਤੇ ਕਮਿਸ਼ਨ ਦਾ ਸੰਪਰਕ ਨੰਬਰ, 9855475547 ਵੀ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਜੋ ਨੌਜਵਾਨ ਸਵੈ-ਇੱਛਾ ਨਾਲ ਨਸ਼ਾ ਛੱਡਣ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਜਾਂਦੇ ਹਨ, ਉਨ੍ਹਾਂ ਨੂੰ ਉਤਸ਼ਾਹਿਤ ਕਰਨ ਅਤੇ ਇੱਕ ਸਤਿਕਾਰਯੋਗ ਮਾਹੌਲ ਪ੍ਰਦਾਨ ਕਰਨ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨ ਲਈ, ਪੁਲਿਸ ਕਾਰਵਾਈ ਦੇ ਨਾਲ-ਨਾਲ ਇਲਾਜ, ਸਲਾਹ ਅਤੇ ਪੁਨਰਵਾਸ 'ਤੇ ਧਿਆਨ ਕੇਂਦਰਿਤ ਕਰਨਾ ਮਹੱਤਵਪੂਰਨ ਹੈ।

# ਮੇਰਾ ਯੁਵਾ ਭਾਰਤ ਨੇ ਦੇਵ ਸਮਾਜ ਕਾਲਜ ਫੌਰ ਵੂਮੈਨ ਵਿਖੇ 'ਨਸ਼ਾ ਮੁਕਤ ਯੁਵਾ ਫੌਰ ਵਿਕਸਿਤ ਭਾਰਤ' ਪ੍ਰੋਗਰਾਮ ਆਯੋਜਿਤ ਕੀਤਾ



**ਚੰਡੀਗੜ੍ਹ, 21 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਮੇਰਾ ਯੁਵਾ ਭਾਰਤ ਚੰਡੀਗੜ੍ਹ ਦੁਆਰਾ ਸ਼ਨੀਵਾਰ ਨੂੰ ਦੇਵ ਸਮਾਜ ਕਾਲਜ ਫੌਰ ਵੂਮੈਨ, ਸੈਕਟਰ-45 ਵਿਖੇ ਆਯੋਜਿਤ 'ਨਸ਼ਾ ਮੁਕਤੀ ਸਹੁੰ ਚੁੱਕ ਸਮਾਰੋਹ' ਅਤੇ 'ਦਸਤਖਤ ਮੁਹਿੰਮ' ਵਿੱਚ 212 ਨੌਜਵਾਨਾਂ ਨੇ ਹਿੱਸਾ ਲਿਆ। ਇਹ ਸਮਾਗਮ ਨੌਜਵਾਨਾਂ ਦੀ ਅਗਵਾਈ ਵਾਲੇ ਰਾਸ਼ਟਰ ਵਿਆਪੀ 100 ਹਫ਼ਤੇ ਚਲਣ ਵਾਲੇ 'ਨਸ਼ਾ ਮੁਕਤ ਯੁਵਾ ਫੌਰ ਵਿਕਸਿਤ ਭਾਰਤ ਅਭਿਯਾਨ' ਦੀ ਸ਼ੁਰੂਆਤ ਦੇ ਸਬੰਧ ਵਿੱਚ ਆਯੋਜਿਤ ਕੀਤਾ ਗਿਆ।

ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਤਹਿਤ ਮੇਰਾ ਯੁਵਾ ਭਾਰਤ ਵੱਲੋਂ ਆਯੋਜਿਤ ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ੇ ਅਤੇ ਮਾਦਕ ਪਦਾਰਥਾਂ ਦੇ ਦੁਰਉਪਯੋਗ ਦੇ ਵਿਰੁੱਧ ਚਲਾਏ ਜਾ ਰਹੇ ਰਾਸ਼ਟਰੀ ਅਭਿਯਾਨ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਤੰਦਰੁਸਤ ਅਤੇ ਨਸ਼ਾ-ਮੁਕਤ ਸਮਾਜ ਦਾ ਸਰਗਰਮ ਦੂਤ ਬਣਨ ਲਈ ਪ੍ਰੇਰਿਤ ਕਰਨਾ ਸੀ।

ਇਸ ਪ੍ਰੋਗਰਾਮ ਦਾ ਮੁੱਖ ਆਕਰਸ਼ਣ 'ਨਸ਼ਾ ਮੁਕਤ ਸ਼ਪਥ ਚੱਕ੍ਰ' ਅਤੇ 'ਦਸਤਖਤ ਮੁਹਿੰਮ' ਸਨ। ਕੁੱਲ 212 ਨੌਜਵਾਨਾਂ ਨੇ

ਸਮੂਹਿਕ ਤੌਰ 'ਤੇ ਨਸ਼ੇ ਤੋਂ ਦੂਰ ਰਹਿਣ ਅਤੇ ਨਸ਼ਾਮੁਕਤ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਦੇਣ ਦਾ ਸੰਕਲਪ ਲਿਆ ਅਤੇ ਅਭਿਯਾਨ ਦੇ ਸਮਰਥਨ ਵਿੱਚ ਦਸਤਖਤ ਕੀਤੇ। ਇਸ ਅਵਸਰ 'ਤੇ ਜ਼ਿਲ੍ਹਾ ਯੁਵਾ ਅਧਿਕਾਰੀ, ਚੰਡੀਗੜ੍ਹ, ਸ਼੍ਰੀ ਵਿਨੈ ਕੁਮਾਰ ਨੇ ਕਿਹਾ, ÷100 ਹਫ਼ਤੇ ਚਲਣ ਵਾਲੀ 'ਨਸ਼ਾ ਮੁਕਤ ਯੁਵਾ ਫੌਰ ਵਿਕਸਿਤ ਭਾਰਤ ਅਭਿਯਾਨ' ਇੱਕ ਰਾਸ਼ਟਰਵਿਆਪੀ ਨੌਜਵਾਨਾਂ ਦੀ ਅਗਵਾਈ ਵਾਲਾ ਅੰਦੋਲਨ ਹੈ। ਇਸ ਅਭਿਯਾਨ ਦਾ ਸੰਦੇਸ਼ ਹਰੇਕ ਕਾਲਜ, ਸੰਸਥਾ ਅਤੇ ਭਾਈਚਾਰੇ ਤੱਕ ਪਹੁੰਚਾਉਣ ਵਿੱਚ ਚੰਡੀਗੜ੍ਹ ਦੇ ਨੌਜਵਾਨਾਂ ਦੀ ਅਹਿਮ ਭੂਮਿਕਾ ਹੈ। ਸਾਡਾ ਉਦੇਸ਼ ਕੇਵਲ ਜਾਗਰੂਕਤਾ ਪੈਦਾ ਕਰਨਾ ਨਹੀਂ, ਬਲਕਿ ਨੌਜਵਾਨਾਂ ਨੂੰ ਸਸ਼ਕਤ ਬਣਾ ਕੇ 'ਨਸ਼ਾ ਮੁਕਤ ਭਾਰਤ' ਦੇ ਸਰਗਰਮ ਦੂਤ ਦੇ ਰੂਪ ਵਿੱਚ ਤਿਆਰ ਕਰਨਾ ਵੀ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤੰਦਰੁਸਤ ਜੀਵਨਸ਼ੈਲੀ ਅਪਣਾਉਣ, ਆਪਣੇ ਸਾਥੀਆਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਅਤੇ ਇੱਕ ਤੰਦਰੁਸਤ ਤੇ ਜ਼ਿੰਮੇਦਾਰ ਸਮਾਜ ਦੇ ਨਿਰਮਾਣ ਵਿੱਚ ਸਰਗਰਮ ਯੋਗਦਾਨ ਦੇਣ ਦਾ ਸੱਦਾ ਦਿੱਤਾ।

ਇਸ ਪ੍ਰੋਗਰਾਮ ਦੇ ਦੌਰਾਨ ਯੁਵਾ ਸੰਵਾਦ, ਨਾਅਰੇ ਲਿਖਣ ਦੇ ਮੁਕਾਬਲੇ ਅਤੇ ਹੋਰ ਜਾਗਰੂਕਤਾ ਗਤੀਵਿਧੀਆਂ ਵੀ ਆਯੋਜਿਤ ਕੀਤੀਆਂ ਗਈਆਂ। ਇਨ੍ਹਾਂ ਗਤੀਵਿਧੀਆਂ ਦੇ ਜ਼ਰੀਏ ਨੌਜਵਾਨਾਂ ਨੂੰ ਨਸ਼ੇ ਅਤੇ ਮਾਦਕ ਪਦਾਰਥਾਂ ਦੇ ਦੁਰਉਪਯੋਗ ਦੇ ਦੁਸ਼ਪ੍ਰਭਾਵਾਂ ਅਤੇ ਨਸ਼ਾ-ਮੁਕਤ ਸਮਾਜ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਜਾਗਰੂਕ ਕੀਤਾ ਗਿਆ।

ਇਹ ਸਮਾਗਮ ਦੇਵ ਸਮਾਜ ਕਾਲਜ ਫੌਰ ਵੂਮੈਨ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਮੇਰਾ ਯੁਵਾ ਭਾਰਤ ਦੇ ਵਲੰਟੀਅਰਾਂ ਨੇ ਸਰਗਰਮ ਭਾਗੀਦਾਰੀ ਕੀਤੀ।

ਇਹ ਪਹਿਲ ਵਿਆਪਕ 'ਨਸ਼ਾ ਮੁਕਤ ਯੁਵਾ ਫੌਰ ਵਿਕਸਿਤ ਭਾਰਤ ਅਭਿਯਾਨ' ਦਾ ਹਿੱਸਾ ਹੈ, ਜਿਸ ਦਾ ਉਦੇਸ਼ ਭਾਰਤ ਦੇ ਨੌਜਵਾਨਾਂ ਨੂੰ ਇੱਕ ਤੰਦਰੁਸਤ, ਜ਼ਿੰਮੇਦਾਰ ਅਤੇ ਵਿਕਸਿਤ ਰਾਸ਼ਟਰ ਦੇ ਸਮੂਹਿਕ ਸੰਕਲਪ ਨਾਲ ਜੋੜਨਾ ਹੈ।

# ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਲਈ ਵਚਨਬੱਧ : ਮੈਂਬਰ ਅਨੁਸੂਚਿਤ ਜਾਤੀ ਕਮਿਸ਼ਨ



**ਬਠਿੰਡਾ, 19 ਸਤੰਬਰ**
**-ਗੁਰਤੇਜ ਅਤਲਾ-**

ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਸੂਬੇ ਦੇ ਅਨੁਸੂਚਿਤ ਜਾਤੀ ਵਰਗ ਦੀ ਭਲਾਈ ਲਈ ਵਚਨਬੱਧ ਹੈ। ਕਮਿਸ਼ਨ ਵੱਲੋਂ ਵਰਗ ਨਾਲ ਸਬੰਧਿਤ ਮਸਲੇ ਸੁਲਝਾਉਣ ਲਈ ਡਾ. ਭੀਮ ਰਾਓ ਅੰਬੇਦਕਰ ਦੇ ਵਿਚਾਰ ਨੂੰ ਸਮਰਪਿਤ ਵਿਸ਼ਾਲ ਚੇਤਨਾ ਸਮਾਗਮ ਜ਼ਿਲ੍ਹਾ ਵਾਰ ਕਰਵਾਏ ਜਾ ਰਹੇ ਹਨ। ਇਸ ਨਾਲ ਜਿਥੇ ਜਨਤਾ ਨੂੰ ਬਾਬਾ ਸਾਹਿਬ ਦੇ ਵਿਚਾਰਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ, ਉੱਥੇ ਨਾਲ ਹੀ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਿਤ ਮਸਲਿਆਂ ਉੱਤੇ ਵੀ ਕੰਮ ਕੀਤਾ ਜਾ ਰਿਹਾ ਹੈ।

ਇਹ ਜਾਣਕਾਰੀ ਮਾਨਯੋਗ ਕਮਿਸ਼ਨ ਦੇ ਮੈਂਬਰ ਸ੍ਰੀ ਗੁਲਜ਼ਾਰ ਸਿੰਘ ਬੌਬੀ, ਸ੍ਰੀ ਰੁਪਿੰਦਰ ਸਿੰਘ ਸ਼ੀਤਲ ਅਤੇ ਸ੍ਰੀ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਅੱਜ ਇਥੇ ਟੀਚਰ ਹੋਮ ਵਿਖੇ ਦਲਿਤ ਸੈਨਾ ਪੰਜਾਬ ਵਲੋਂ ਕਰਵਾਏ ਗਏ ਡਾ. ਭੀਮ ਰਾਓ ਅੰਬੇਡਕਰ ਦੇ ਵਿਚਾਰਾਂ ਨੂੰ ਸਮਰਪਿਤ ਚੇਤਨਾ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਨਾਲ ਸ਼੍ਰੀ ਗੁਰਤੇਜ ਸਿੰਘ ਜੋਧਪੁਰੀ ਸੂਬਾ ਪ੍ਰਧਾਨ ਦਲਿਤ ਸੈਨਾ ਪੰਜਾਬ, ਸ਼੍ਰੀ ਹਰਬੰਸ ਸਿੰਘ ਬਠਿੰਡਾ, ਡਾ. ਦੀਵਾਨ ਚੰਦ, ਸ਼੍ਰੀ ਕੁਲਵੰਤ ਸਿੰਘ ਕਾਲਝਰਾਣੀ ਸੀਨੀਅਰ ਮੀਤ ਪ੍ਰਧਾਨ, ਯੂਥ ਆਗੂ ਸ਼੍ਰੀ ਅਮਨਦੀਪ ਸਿੰਘ ਸਿਵੀਆਂ, ਸ਼੍ਰੀ ਹਰਚਰਨ ਸਿੰਘ, ਮਾਸਟਰ ਜੀਤ ਸਿੰਘ, ਸ਼੍ਰੀ ਗੁਰਤੇਜ ਸਿੰਘ ਕੰਡਿਆਰਾ, ਸ਼੍ਰੀ ਚਰਨਜੀਤ ਸਿੰਘ, ਸ਼੍ਰੀ ਨਿਤਿਨ ਭਾਟੀਆ, ਪ੍ਰਧਾਨ ਤਾਰਾ ਚੰਦ ਗੋਨਿਆਣਾ, ਜ਼ਿਲ੍ਹਾ ਸਮਾਜਿਕ ਤੇ ਨਿਆਂਕਾਰਤਾ ਅਫਸਰ ਸ਼੍ਰੀ ਬਰਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

ਉਨ੍ਹਾਂ ਦੱਸਿਆ ਕਿ ਲੁਧਿਆਣਾ ਵਿਖੇ ਬਾਬਾ ਅੰਬੇਦਕਰ ਦੇ ਬੁੱਤ ਨਾਲ ਵਾਪਰੇ ਹਾਦਸੇ ਤੋਂ ਬਾਅਦ ਕਮਿਸ਼ਨ ਵੱਲੋਂ ਸਮੂਹ ਸੂਬੇ ਦੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸੂਬੇ ਵਿੱਚ ਜਿੱਥੇ ਵੀ ਬਾਬਾ ਅੰਬੇਦਕਰ ਦੇ ਬੁੱਤ ਲੱਗੇ ਹਨ ਉਨ੍ਹਾਂ ਥਾਵਾਂ ਉੱਤੇ ਸੀ.ਸੀ.ਟੀ.ਵੀ. ਕੈਮਰੇ ਬੁੱਤਾਂ ਦੀ ਨਿਗਰਾਨੀ ਲਈ ਲਗਾਏ ਜਾਣ। ਇਨ੍ਹਾਂ ਨਿਰਦੇਸ਼ਾਂ ਤੋਂ ਬਾਅਦ ਲੁਧਿਆਣਾ ਵਿਖੇ ਕੈਮਰੇ ਲੱਗ ਚੁੱਕੇ ਹਨ ਅਤੇ ਨਾਲ ਹੀ ਬੁੱਤ ਦੇ ਆਸ ਪਾਸ ਮੋਟਾ ਕੰਚ ਲਗਾਇਆ ਗਿਆ ਹੈ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਕੋਈ ਸ਼ਰਾਰਤ ਨਾ ਕਰ ਸਕੇ।

ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਦੱਸਿਆ ਕਿ ਕੋਈ ਵੀ ਅਨੁਸੂਚਿਤ ਜਾਤੀ ਭਾਈਚਾਰੇ ਦਾ ਵਿਅਕਤੀ ਆਪਣੀ ਦੁੱਖ ਤਕਲੀਫ ਕਮਿਸ਼ਨ ਨੂੰ ਦੱਸ ਸਕਦਾ ਹੈ। ਇਸ ਦੇ ਲਈ ਕਮਿਸ਼ਨ ਦੇ ਚੰਡੀਗੜ੍ਹ ਦਫਤਰ ਜਾਣਾ ਜ਼ਰੂਰੀ ਨਹੀਂ ਬਲਕਿ ਕਮਿਸ਼ਨ ਆਪ ਖੁਦ ਜਿਲ੍ਹਿਆਂ 'ਚ ਸਮਗਾਮ ਕਰ ਰਿਹਾ ਹੈ, ਜਿੱਥੇ ਲੋਕ ਆਪਣੇ ਮੁੱਦੇ ਲੈ ਕੇ ਆ ਸਕਦੇ ਹਨ।

ਇਸ ਮੌਕੇ ਗੁਰਮੇਲ ਸਿੰਘ ਭੋਲੂ ਕਾਲਝਰਾਣੀ, ਚਰਨਜੀਤ ਸਿੰਘ ਰੁਲਦੂ ਵਾਲਾ ਆਦਿ ਮੌਜੂਦ ਸਨ।

# ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਪਾਤੜਾਂ ਵਿਖੇ ਸ.ਫ਼ਾਈ ਮੁਹਿੰਮ




**ਪਾਤੜਾਂ, 21 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਸਵੱਛ ਬਣਾਉਣ ਦੇ ਉਦੇਸ਼ ਨਾਲ 17 ਸਤੰਬਰ ਤੋਂ 2 ਅਕਤੂਬਰ ਤੱਕ ਚਲਾਈ ਜਾ ਰਹੀ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਨਗਰ ਕੌਂਸਲ ਪਾਤੜਾਂ ਵੱਲੋਂ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ।

ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਅਤੇ ਕਾਰਜ ਸਾਧਕ ਅਫ਼ਸਰ ਬਲਜਿੰਦਰ ਸਿੰਘ ਦੀ ਅਗਵਾਈ ਹੇਠ ਅੱਜ ਨਰਵਾਣਾ ਰੋਡ 'ਤੇ ਵਿਸ਼ੇਸ਼ ਸਫ਼ਾਈ ਕਾਰਜ ਕਰਵਾਏ ਗਏ। ਇਸ ਦੌਰਾਨ ਸੜਕ ਦੇ ਆਲੇ-ਦੁਆਲੇ ਪਏ ਕੂੜੇ ਅਤੇ ਗਾਰਬੇਜ ਨੂੰ ਹਟਾ ਕੇ ਇਲਾਕੇ ਦੀ ਸਫ਼ਾਈ ਕੀਤੀ ਗਈ। ਇਸ ਤੋਂ ਇਲਾਵਾ ਸੜਕਾਂ ਦੇ ਆਲੇ-ਦੁਆਲੇ ਖਿੱਲਰੇ ਪਏ ਪਲਾਸਟਿਕ ਦੇ ਲਿਫ਼ਾਫ਼ੇ ਅਤੇ ਹੋਰ ਕੂੜਾ ਵੀ ਇਕੱਠਾ ਕਰਕੇ ਹਟਾਇਆ ਗਿਆ।

ਇਸ ਮੌਕੇ ਨਗਰ ਕੌਂਸਲ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਸਵੱਛਤਾ ਨੂੰ ਸਿਰਫ਼ ਸਰਕਾਰੀ ਮੁਹਿੰਮ ਤੱਕ ਸੀਮਤ ਨਾ ਰੱਖਿਆ ਜਾਵੇ, ਸਗੋਂ ਹਰ ਨਾਗਰਿਕ ਇਸ ਨੂੰ ਆਪਣੀ ਰੋਜ਼ਾਨਾ ਜ਼ਿੰਮੇਵਾਰੀ ਸਮਝੇ। ਲੋਕ ਆਪਣੇ ਘਰਾਂ, ਦੁਕਾਨਾਂ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਫ਼ਾਈ ਬਣਾਈ ਰੱਖਣ ਅਤੇ ਕੂੜਾ ਨਿਰਧਾਰਤ ਸਥਾਨਾਂ 'ਤੇ ਹੀ ਪਾਉਣ।

ਨਗਰ ਕੌਂਸਲ ਅਧਿਕਾਰੀਆਂ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼, ਸੁੰਦਰ ਅਤੇ ਹਰਿਆ-ਭਰਿਆ ਬਣਾਉਣ ਲਈ ਲੋਕਾਂ ਦੀ ਭਾਗੀਦਾਰੀ ਬੇਹੱਦ ਜ਼ਰੂਰੀ ਹੈ ਅਤੇ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਅਜਿਹੀਆਂ ਗਤੀਵਿਧੀਆਂ ਲਗਾਤਾਰ ਜਾਰੀ ਰਹਿਣਗੀਆਂ।

# ਭਗਵੰਤ ਮਾਨ ਨੂੰ ਗੋਲਡੀ ਦਾ ਡਰ ਕਿਉਂ ਵੜਿੰਗ ਨੇ ਕੀਤਾ ਸਵਾਲ

**ਚੰਡੀਗੜ੍ਹ, 21 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਪਾਰਟੀ ਆਗੂ ਅਤੇ ਧੂਰੀ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨੂੰ ਹਿਰਾਸਤ ਵਿੱਚ ਲਏ ਜਾਣ ਦੀ ਸਖ਼ਤ ਨਿਖੇਧੀ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਸੰਗਰੂਰ ਦੌਰੇ ਦੌਰਾਨ ਪੁਲਿਸ ਵੱਲੋਂ ਗੋਲਡੀ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਵੜਿੰਗ ਨੇ ਕਿਹਾ ਕਿ ਗੋਲਡੀ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਕੁਝ ਸਵਾਲ ਪੁੱਛਣੇ ਹਨ। ਹਾਲਾਂਕਿ, ਮੁੱਖ ਮੰਤਰੀ ਦੇ ਦੌਰੇ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਗੋਲਡੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਕੋਈ ਵੀ ਸਵਾਲ ਪੁੱਛਣ ਤੋਂ ਰੋਕ ਦਿੱਤਾ ਗਿਆ।



ਵੜਿੰਗ ਨੇ ਸਵਾਲ ਕੀਤਾ, ÷ਮੈਨੂੰ ਹੈਰਾਨੀ ਹੁੰਦੀ ਹੈ ਕਿ ਭਗਵੰਤ ਮਾਨ ਗੋਲਡੀ ਤੋਂ ਕਿਉਂ ਡਰਦੇ ਹਨ÷ ਉਨ੍ਹਾਂ ਮਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਅੱਜ ਤਾਂ ਉਹ ਪੰਜਾਬ ਪੁਲਿਸ ਦੀ ਦੁਰਵਰਤੋਂ ਕਰ ਸਕਦੇ ਹਨ, ਪਰ ਕੁਝ ਹੀ ਮਹੀਨਿਆਂ ਵਿੱਚ ਜਦੋਂ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ, ਤਾਂ ਉਹ ਲੋਕਾਂ ਨੂੰ ਸਵਾਲ ਪੁੱਛਣ ਤੋਂ ਕਿਵੇਂ ਰੋਕਣਗੇ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਹ ਬਿਲਕੁਲ ਉਹੀ ਤਰੀਕਾ ਹੈ ਜੋ ਪਹਿਲਾਂ ਮੋਹਨਜੀਤ ਸਿੰਘ ਨਾਲ ਅਪਣਾਇਆ ਗਿਆ ਸੀ, ਜਿਸ ਨੂੰ ਸਿਰਫ਼ ਮੁੱਖ ਮੰਤਰੀ ਨੂੰ ਕਾਲਾ ਝੰਡਾ ਦਿਖਾਉਣ ਕਰਕੇ ਗ੍ਰਿਫ਼ਤਾਰ ਕੀਤਾ ਗਿਆ, ਤਸ਼ੱਦਦ ਢਾਹਿਆ ਗਿਆ ਅਤੇ ਗੁਪਤ ਅੰਗਾਂ 'ਤੇ ਬਿਜਲੀ ਦੇ ਝਟਕੇ ਦਿੱਤੇ ਗਏ।

ਉਨ੍ਹਾਂ ਮਾਨ ਨੂੰ ਮੁੱਖ ਮੰਤਰੀ ਤੋਂ ਸਵਾਲ ਪੁੱਛਣ ਵਾਲੇ ਲੋਕਾਂ ਖ਼ਿਲਾਫ਼ ਪੁਲਿਸ ਦੀ ਦੁਰਵਰਤੋਂ ਕਰਨ ਵਿਰੁੱਧ ਚਿਤਾਵਨੀ ਦਿੰਦਿਆਂ ਕਿਹਾ, ਸੁਚੇਤ ਰਹੋ ਅਤੇ ਕੰਧ 'ਤੇ ਲਿਖਿਆ ਪੜ੍ਹ ਲਵੋ ਕਿ ਤੁਹਾਡੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ।

# 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਸ.ਫ਼ਾਈ ਮੁਹਿੰਮ ਜਾਰੀ



**ਫਤਿਹਗੜ ਸਾਹਿਬ, 21 ਸਤੰਬਰ**
**-ਜੀ. ਐਸ. ਤੁੰਗ-**

ਸਵੱਛਤਾ ਹੀ ਸੇਵਾ' ਮੁਹਿੰਮ ਦੇ ਮੱਦੇਨਜ਼ਰ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਵੱਖ ਵੱਖ ਪਿੰਡਾਂ ਦੇ ਸਫ਼ਾਈ ਪ੍ਰਬੰਧਾਂ ਨੂੰ ਹੋਰ ਸੁਚਾਰੂ ਬਣਾਉਣ ਲਈ ਲਗਾਤਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਇਸ ਸੰਬਧੀ ਜਾਣਕਾਰੀ ਦਿੰਦਿਆਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਸ੍ਰੀ ਵਿਸ਼ਾਲ ਪੁਰੀ ਨੇ ਦੱਸਿਆ ਕਿ ਬਲਾਕ ਅਮਲੋਹ ਦੇ ਪਿੰਡ ਬੁੱਗਾ ਕਲਾਂ, ਕਾਹਨਪੁਰਾ, ਬਲਾਕ ਸਰਹਿੰਦ ਦੇ ਪਿੰਡ ਰਾਜਿੰਦਰ ਨਗਰ, ਮੰਢੌਰ, ਬਲਾਕ ਬੱਸੀ ਦੇ ਪਿੰਡ ਗੰਢੂਆਂ ਕਲਾਂ, ਬਲਾਕ ਖੇੜਾ ਦੇ ਪਿੰਡ ਬਡਾਲੀ ਮਾਈ ਕੀ, ਬਲਾਕ ਖਮਾਣੋਂ ਦੇ ਪਿੰਡ ਖੇੜੀ ਨੌਧ ਸਿੰਘ ਵਿਚ ਸਫਾਈ ਮੁਹਿੰਮ ਚਲਾਈ ਗਈ।

ਓਹਨਾਂ ਦੱਸਿਆ ਕਿ ਸਵੱਛਤਾ ਹੀ ਸੇਵਾ ਮੁਹਿੰਮ ਦੌਰਾਨ ਪਿੰਡਾਂ ਵਿਚ ਜਨਤਕ ਥਾਵਾਂ, ਕੂੜੇ ਵਾਲੀਆਂ ਥਾਵਾਂ, ਜਲ ਸਪਲਾਈ ਸਕੀਮਾਂ ਦੀ ਸਫਾਈ ਕਰਵਾਈ ਗਈ। ਇਸ ਦੌਰਾਨ ਸਫ਼ਾਈ ਕਾਰਜਾਂ ਨੂੰ ਤਨਦੇਹੀ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ। ਓਹਨਾਂ ਦੱਸਿਆ ਕਿ ਇਸ ਦੌਰਾਨ ਪਿੰਡਾਂ ਨੂੰ ਸਾਫ ਸੁਥਰਾ ਰੱਖਣ ਲਈ ਲੋਕਾਂ ਨੇ ਸਵੱਛਤਾ ਦਾ ਪ੍ਰਣ ਲਿਆ। ਲੋਕਾਂ ਨੂੰ ਗਿੱਲਾ ਸੁੱਕਾ ਕੂੜਾ ਘਰੇਲੂ ਪੱਧਰ ਤੇ ਵੱਖਰਾ ਵੱਖਰਾ ਕਰਨ ਬਾਰੇ ਵੀ ਜਾਗਰੂਕ ਕੀਤਾ ਗਿਆ।

# ਘੱਗਾ ਵਿਖੇ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਸ.ਫ਼ਾਈ ਮੁਹਿੰਮ

**ਘੱਗਾ, 21 ਸਤੰਬਰ**
**-ਛਤਰਪਾਲ ਸਿੰਘ-**

ਨਗਰ ਪੰਚਾਇਤ ਘੱਗਾ ਵੱਲੋਂ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਪ੍ਰਧਾਨ ਮਿੱਠੂ ਸਿੰਘ ਅਤੇ ਕਾਰਜ ਸਾਧਕ ਅਫ਼ਸਰ ਬਲਜਿੰਦਰ ਸਿੰਘ ਦੀ ਅਗਵਾਈ ਹੇਠ ਸ਼ਹਿਰ ਵਿੱਚ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ।




ਇਸ ਦੌਰਾਨ ਵੱਖ-ਵੱਖ ਖਾਲੀ ਪਲਾਟਾਂ ਵਿੱਚ ਪਏ ਪਲਾਸਟਿਕ ਦੇ ਲਿਫ਼ਾਫ਼ੇ ਅਤੇ ਹੋਰ ਕੂੜਾ ਚੁਕਵਾ ਕੇ ਸਫ਼ਾਈ ਕਰਵਾਈ ਗਈ। ਨਗਰ ਪੰਚਾਇਤ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਕੂੜਾ ਸੜਕਾਂ ਦੇ ਕਿਨਾਰਿਆਂ, ਖਾਲੀ ਪਲਾਟਾਂ ਅਤੇ ਜਨਤਕ ਥਾਵਾਂ 'ਤੇ ਨਾ ਸੁੱਟਣ ਅਤੇ ਕੂੜੇ ਨੂੰ ਨਿਰਧਾਰਤ ਸਥਾਨਾਂ 'ਤੇ ਹੀ ਪਾਉਣ।

ਅਧਿਕਾਰੀਆਂ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਬਣਾਉਣ ਲਈ ਲੋਕਾਂ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ 'ਸਵੱਛਤਾ ਹੀ ਸੇਵਾ' ਮੁਹਿੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ।

# ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ 5 ਅਕਤੂਬਰ ਨੂੰ ਡਿਪਟੀ ਕਮਿਸ਼ਨਰ ਦਫਤਰ ਦਾ ਘਿਰਾਓ

**ਪਟਿਆਲਾ, 19 ਸਤੰਬਰ**
**-ਵਿਸ਼ਾਲ ਗੁਪਤਾ-**

ਭਾਰਤੀ ਕਿਸਾਨ ਯੂਨੀਅਨ (ਏਕਤਾ—ਉਗਰਾਹਾਂ) ਦੀ ਮੀਟਿੰਗ ਜਗਦੀਪ ਸਿੰਘ ਛੰਨਾ ਦੀ ਪ੍ਰਧਾਨਗੀ ਹੇਠ ਡਰੋਲੀ ਵਿਖੇ ਹੋਈ। ਜਿਸ ਵਿੱਚ ਜਿਲਾ ਪਟਿਆਲਾ ਦੇ ਵੱਖ—ਵੱਖ ਪਿੰਡ ਇਕਾਈਆਂ ਦੇ ਆਗੂ ਤੇ ਬਲਾਕ ਕਮੇਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ। ਮੀਟਿੰਗ ਵਿੱਚ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾ ਝਾੜ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਵਿਸ਼ਾਲ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾ ਪ੍ਰਧਾਨ ਸ੍ਰੀ ਉਗਰਾਹਾਂ ਨੇ 30 ਸਤੰਬਰ 26 ਤੋਂ 14 ਸਤੰਬਰ ਤੱਕ ਚਲੇ ਪੱਕੇ ਮੋਰਚਾ ਵਿੱਚ ਕਿਸਾਨਾਂ ਦੀ ਸਮੂਲੀਅਤ ਤੇ ਮੰਗਾਂ ਬਾਰੇ ਵਿਸਥਾਰ ਵਿੱਚ ਦੱਸਦੇ ਹੋਏ ਕਿਹਾ ਕਿ ਸਰਕਾਰ ਕਿਸਾਨੀ ਮੰਗਾਂ ਪ੍ਰਤੀ ਘੇਸਲ ਮਾਰੀ ਬੈਠੀ ਹੈ ਤੇ ਲਾਰੇ ਲੱਪੇ ਲਾ ਕੇ ਸਮਾਂ ਲੰਘਾ ਰਹੀ ਹੈ। ਅਬਾਦਕਾਰਾਂ ਦੇ ਮਾਲਕੀ ਹੱਕ ਦੇਣ, ਕਰਜੇ ਦੀ ਸਮੱਸਿਆ ਨੂੰ ਹੱਲ ਕਰਨ, ਲੈਂਡ ਪੂਲਿੰਗ ਨੀਤੀ ਵਾਪਸ ਲੈਣ, ਸੰਘਰਸ਼ਾਂ ਦੌਰਾਨ ਕਿਸਾਨਾਂ ਖਿਲਾਫ ਦਰਜ ਕੀਤੇ ਕੇਸ ਵਾਪਸ ਲੈਣ ਫਸਲਾਂ ਦੇ ਨੁਕਸਾਨ ਦਾ ਮੁਆਵਜਾ ਤੇ ਖੁਦਕੁਸ਼ੀ ਪੀੜਤ, ਪ੍ਰਵਾਰਾਂ ਨੂੰ ਰਾਹਤ ਦੇਣ ਦੀ ਥਾਂ ਪੰਜਾਬ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਕੇ ਲੋਕਾਂ ਦੀ ਜਬਾਨਬੰਦੀ ਕਰ ਰਹੀ ਹੈ। ਜਗਤਾਰ ਸਿੰਘ ਕਾਲਾਝਾੜ ਨੇ ਔਰਤ ਮੁੱਦਿਆ ਤੇ ਬੋਲਦੇ ਹੋਏ ਮੰਗਾਂ ਦੀ ਪ੍ਰਾਪਤੀ ਲਈ ਔਰਤ ਨੂੰ ਵੱਡੇ ਪੱਧਰ ਤੇ ਜਥੇਬੰਦ ਹੋਣ ਦੀ ਲੋੜ ਨੂੰ ਉਤਾਰਿਆ ਗਿਆ ਤੇ ਸੂਬਾ ਕਮੇਟੀ ਵੱਲੋਂ 5 ਅਕਤੂਬਰ ਨੂੰ ਡੀ.ਸੀ. ਦਫਤਰ ਪਟਿਆਲਾ ਦੇ ਘਿਰਾਓ ਸਬੰਧੀ ਵਿਊਂਤਬੰਦੀ ਕੀਤੀ ਗਈ। ਮੀਟਿੰਗ ਵਿਖੇ ਵੱਖ—ਵੱਖ ਬਲਾਕ ਆਗੂਆਂ ਵਲੋਂ ਵੱਖ—ਵੱਖ ਪਿੰਡਾਂ ਵਿੱਚ ਪ੍ਰਚਾਰ ਤੇ ਲਾਮਬੰਦੀ ਕਰਕੇ ਵੱਡੀ ਗਿਣਤੀ ਵਿੱਚ 5 ਅਕਤੂਬਰ ਨੂੰ ਪਟਿਆਲਾ ਵਿਖੇ ਪਹੁੰਚਣ ਦਾ ਫੈਸਲਾ ਕੀਤਾ ਗਿਆ ਤੇ ਔਰਤਾਂ ਦੀ ਵੱਡੀ ਪੱਧਰ ਤੇ ਸ਼ਮੂਲੀਅਤ ਕਰਵਾਉਣ ਦਾ ਅਹਿਦ ਲਿਆ ਗਿਆ।

# ਫ਼ਰੀਦਕੋਟ ਵਿੱਚ 47 ਕਿਲੋ ਹੈਰੋਇਨ, 3 ਪਿਸਤੌਲਾਂ ਬਰਾਮਦ; ਚਾਰ ਕਾਰਕੁਨ ਗ੍ਰਿਫ਼ਤਾਰ

# ਫਾਜ਼ਿਲਕਾ ਅਤੇ ਫਿਰੋਜ਼ਪੁਰ ਦੇ ਸਰਹੱਦੀ ਖੇਤਰਾਂ ਤੋਂ ਡਰੋਨ ਰਾਹੀਂ ਸੁੱਟੀਆਂ ਖੇਪਾਂ ਪ੍ਰਾਪਤ ਕਰ ਰਿਹਾ ਸੀ ਗਿਰੋਹ : ਐਸ.ਐਸ.ਪੀ. ਫਰੀਦਕੋਟ ਗੁਰਬੰਸ ਬੈਂਸ

**ਚੰਡੀਗੜ੍ਹ/ਫਰੀਦਕੋਟ, 21 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਫਰੀਦਕੋਟ ਪੁਲਿਸ ਨੇ ਸਰਹੱਦ ਪਾਰਲੇ ਹੈਰੋਇਨ ਤਸਕਰੀ ਨੈੱਟਵਰਕ ਦੇ ਚਾਰ ਕਾਰਕੁਨਾਂ ਨੂੰ 47.3 ਕਿਲੋਗ੍ਰਾਮ ਹੈਰੋਇਨ, ਤਿੰਨ .30 ਬੋਰ ਪਿਸਤੌਲਾਂ ਸਮੇਤ ਤਿੰਨ ਮੈਗਜ਼ੀਨ ਅਤੇ 15 ਜ਼ਿੰਦਾ ਕਾਰਤੂਸਾਂ ਨਾਲ ਗ੍ਰਿਫਤਾਰ ਕਰਕੇ ਇਸ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ 9 ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।




ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਕੁਸ਼ ਵਾਸੀ ਘੁਬਾਇਆ(ਫਿਰੋਜ਼ਪੁਰ ), ਮੰਗਲ ਸਿੰਘ ਵਾਸੀ ਪੰਜੇ ਕੇ ਉਤਾਰ( ਫਿਰੋਜ਼ਪੁਰ ), ਸਚਿਨ ਉਰਫ ਸੰਜੂ ਵਾਸੀ ਪਰਭਾਤ ਸਿੰਘ ਵਾਲਾ (ਫਿਰੋਜ਼ਪੁਰ) ਅਤੇ ਅਨਮੋਲ ਸਿੰਘ ਵਾਸੀ ਲਾਮੋਚਰ ਖੁਰਦ(ਫਿਰੋਜ਼ਪੁਰ )ਵਜੋਂ ਹੋਈ ਹੈ। ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਤਸਕਰੀ ਲਈ ਵਰਤੀਆਂ ਜਾਂਦੀਆਂ ਉਨ੍ਹਾਂ ਦੀਆਂ ਦੋ ਕਾਰਾਂ - ਇੱਕ ਹੌਂਡਾ ਸਿਟੀ ਅਤੇ ਇੱਕ ਹੁੰਡਈ ਔਰਾ - ਨੂੰ ਵੀ ਜ਼ਬਤ ਕਰ ਲਿਆ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸਰਹੱਦ ਪਾਰੋਂ ਹੈਰੋਇਨ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਇੱਕ ਨੈੱਟਵਰਕ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਇਸਦੇ ਅਗਲੇ -ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਕਾਰਵਾਈ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸ.ਐਸ.ਪੀ.) ਗੁਰਬੰਸ ਸਿੰਘ ਬੈਂਸ ਨੇ ਕਿਹਾ ਕਿ ਨੇੜਲੇ ਭਵਿੱਖ 'ਚ ਆਉਣ ਵਾਲੇ ਬਾਬਾ ਫਰੀਦ ਆਗਮਨ ਪੁਰਬ ਦੇ ਮੱਦੇਨਜ਼ਰ ਕੀਤੀ ਗਈ ਵਿਸ਼ੇਸ਼ ਨਾਕਾਬੰਦੀ ਦੌਰਾਨ, ਸੀ.ਆਈ.ਏ. ਫਰੀਦਕੋਟ ਦੀ ਟੀਮ ਨੇ ਸ਼ਨੀਵਾਰ ਅਤੇ ਐਤਵਾਰ ਦੀ ਦਰਮਿਆਨੀ ਰਾਤ ਨੂੰ ਇੱਕ ਹੌਂਡਾ ਸਿਟੀ ਕਾਰ ਨੂੰ ਰੋਕਿਆ ਅਤੇ ਚਾਰਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ 9 ਤਲਾਸ਼ੀ ਦੌਰਾਨ ਪੁਲਿਸ ਨੇ 47.3 ਕਿਲੋਗ੍ਰਾਮ ਹੈਰੋਇਨ ਦੀ ਵੱਡੀ ਖੇਪ ਸਮੇਤ ਗੈਰ-ਕਾਨੂੰਨੀ ਹਥਿਆਰਾਂ ਅਤੇ ਗੋਲੀ -ਸਿੱਕਾ ਵੀ ਬਰਾਮਦ ਕੀਤਾ ਹੈ।

ਐਸ.ਐਸ.ਪੀ. ਨੇ ਕਿਹਾ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਹ ਗਿਰੋਹ ਫਾਜ਼ਿਲਕਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਸਰਹੱਦੀ ਖੇਤਰਾਂ ਵਿੱਚ ਸਰਹੱਦ ਪਾਰੋਂ ਡਰੋਨ ਰਾਹੀਂ ਸੁੱਟੀਆਂ ਗਈਆਂ ਹੈਰੋਇਨ ਅਤੇ ਹਥਿਆਰਾਂ ਦੀਆਂ ਖੇਪਾਂ ਪ੍ਰਾਪਤ ਕਰਕੇ ਸੂਬੇ ਵਿੱਚ ਅੱਗੇ ਸਪਲਾਈ ਕਰਦਾ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧ ਵਿੱਚ ਐਫਆਈਆਰ ਨੰਬਰ 187 ਐਨਡੀਪੀਐਸ ਐਕਟ ਦੀ ਧਾਰਾ 21(ਸੀ) ਅਤੇ ਅਸਲਾ ਐਕਟ ਦੀ ਧਾਰਾ 25(6) ਅਤੇ 25(7) ਤਹਿਤ ਫਰੀਦਕੋਟ ਦੇ ਪੁਲਿਸ ਥਾਣਾ ਸਾਦਿਕ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਪੰਜਾਬ ਸਰਕਾਰ ਨੇ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ : ਕੁਲਤਾਰ ਸਿੰਘ ਸੰਧਵਾਂ

**ਚੰਡੀਗੜ੍ਹ, 21 ਸਤੰਬਰ**
**-ਜੀ. ਐਸ. ਤੁੰਗ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਡੀ ਸਰਕਾਰ ਆਮ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਲੋਕਾਂ ਦੀਆਂ ਨਿੱਜੀ ਸਮੱਸਿਆਵਾਂ ਦੇ ਨਿਪਟਾਰੇ ਲਈ ਸੁਹਿਰਦਤਾ ਨਾਲ ਵਚਨਬੱਧ ਹੈ।

ਲੋਕ ਭਲਾਈ ਦੇ ਅਹਿਮ ਕਾਰਜਾਂ ਦਾ ਜ਼ਿਕਰ ਕਰਦਿਆਂ, ਸਪੀਕਰ ਸੰਧਵਾਂ ਨੇ ਪੰਜਾਬ ਦੇ ਨਾਗਰਿਕਾਂ ਨੂੰ 10 ਲੱਖ ਰੁਪਏ ਤੱਕ ਦੀ ਮੁਫ਼ਤ ਸਿਹਤ ਸਹੂਲਤ ਪ੍ਰਦਾਨ ਕਰਨ ਵਾਲੀ 'ਮੁੱਖ ਮੰਤਰੀ ਸਿਹਤ ਯੋਜਨਾ' (ਐਮਐਮਐਸਵਾਈ) ਨੂੰ ਸ਼ੁਰੂ ਕਰਨ ਲਈ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਨੇ ਲੋਕਾਂ ਨੂੰ ਵੱਡੀ ਵਿੱਤੀ ਰਾਹਤ ਦਿੱਤੀ ਹੈ, ਜਿਸ ਨਾਲ ਉਨ੍ਹਾਂ ਨੂੰ ਹੁਣ ਡਾਕਟਰੀ ਇਲਾਜ (ਜਿਸ 'ਤੇ ਪਹਿਲਾਂ ਲੱਖਾਂ ਰੁਪਏ ਖਰਚ ਹੁੰਦੇ ਸਨ) ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਸਾਰਿਆਂ ਲਈ ਖੁਸ਼ਹਾਲੀ ਅਤੇ ਮੁਸੱਰਤ ਯਕੀਨੀ ਬਣਾਉਣਾ ਹੈ।

ਸਪੀਕਰ ਨੇ 'ਈਜ਼ੀ ਰਜਿਸਟਰੀ' ਪਹਿਲਕਦਮੀ ਰਾਹੀਂ ਭ੍ਰਿਸ਼ਟਾਚਾਰ ਵਿਰੁੱਧ ਸਰਕਾਰ ਵੱਲੋਂ ਕੀਤੀ ਗਈ ਸਖ਼ਤ ਕਾਰਵਾਈ ਦੀ ਵੀ ਸ਼ਲਾਘਾ ਕੀਤੀ। ਇਸ ਕਦਮ ਨੇ ਜ਼ਮੀਨੀ ਰਿਕਾਰਡ ਅਤੇ ਜਾਇਦਾਦ ਦੀ ਰਜਿਸਟ੍ਰੇਸ਼ਨ ਵਿੱਚ ਰਿਸ਼ਵਤਖੋਰੀ ਨੂੰ ਸਫ਼ਲਤਾਪੂਰਵਕ ਰੋਕਿਆ ਹੈ। ਜਿਸ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲਿਆ ਹੈ, ਜੋ ਪਹਿਲਾਂ ਭਾਰੀ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਸਨ।

ਨੌਜਵਾਨਾਂ ਅਤੇ ਭਾਈਚਾਰਕ ਵਿਕਾਸ ਵੱਲ ਧਿਆਨ ਕੇਂਦਰਿਤ ਕਰਦਿਆਂ ਸੰਧਵਾਂ ਨੇ ਖੇਡਾਂ ਦੇ ਖੇਤਰ ਵਿੱਚ ਸਰਕਾਰ ਦੇ ਅਹਿਮ ਯੋਗਦਾਨ ਦੀ ਤਾਰੀਫ਼ ਕੀਤੀ। ਉਨ੍ਹਾਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਸਮਾਗਮਾਂ ਦੀ ਲਗਾਤਾਰ ਸਫਲਤਾ ਦਾ ਜ਼ਿਕਰ ਕੀਤਾ ਅਤੇ ਐਲਾਨ ਕੀਤਾ ਕਿ ਪੰਜਾਬ ਨੇੜਲੇ ਭਵਿੱਖ ਵਿੱਚ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ। ਉਨ੍ਹਾਂ ਜ਼ੋਰ ਦਿੱਤਾ ਕਿ ਖੇਡਾਂ ਅਨੁਸ਼ਾਸਨ ਪੈਦਾ ਕਰਦੀਆਂ ਹਨ, ਜੀਵਨ ਪੱਧਰ ਨੂੰ ਉੱਚਾ ਚੁੱਕਦੀਆਂ ਹਨ ਅਤੇ ਸਮਾਜਿਕ ਬੁਰਾਈਆਂ ਤੇ ਨਸ਼ਿਆਂ ਵਿਰੁੱਧ ਲੜਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਲੋਕਾਂ ਨੂੰ ਸਿਹਤਮੰਦ ਅਤੇ ਬਿਹਤਰ ਜੀਵਨ ਜਿਉਣ ਲਈ ਪ੍ਰੇਰਦੀਆਂ ਹਨ।

ਪੰਜਾਬ ਸਰਕਾਰ ਦੇ ਦੂਰ-ਅੰਦੇਸ਼ੀ ਟੀਚਿਆਂ ਨੂੰ ਦੁਹਰਾਉਂਦੇ ਹੋਏ ਸਪੀਕਰ ਨੇ ਕਿਹਾ ਕਿ ਸਾਡੀ ਸਰਕਾਰ ਨੇ ਪੰਜਾਬ ਦੇ ਕਈ ਦਹਾਕਿਆਂ ਪੁਰਾਣੇ ਮਸਲਿਆਂ ਨੂੰ ਸਫਲਤਾਪੂਰਵਕ ਹੱਲ ਕੀਤਾ ਹੈ।

ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਾਡੀ ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਲਗਾਤਾਰ ਸੁਣਦੀ ਰਹੇਗੀ ਅਤੇ ਉਨ੍ਹਾਂ ਦੇ ਫੌਰੀ ਹੱਲ ਲਈ ਵਚਨਬੱਧ ਰਹੇਗੀ।




# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਤੰਜ 'ਆਪ' ਸਰਕਾਰ ਨੂੰ ਤਜਰਬਾ ਹੋ ਗਿਆ ਹੈ - ਨਸ਼ਾ ਵਧਾਉਣ, ਭ੍ਰਿਸ਼ਟਾਚਾਰ ਕਰਨ ਅਤੇ ਜਨਤਾ ਨੂੰ ਗੁਮਰਾਹ ਕਰਨ ਦਾ

**ਚੰਡੀਗੜ੍ਹ, 21 ਸਤੰਬਰ**
**-ਜੀ. ਐਸ. ਤੁੰਗ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਜਨਤਾ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਘੇਰਦਿਆਂ ਕਿਹਾ ਕਿ 'ਆਪ' ਪਾਰਟੀ ਨੇ ਪੰਜਾਬ ਦੀ ਜਨਤਾ ਨਾਲ ਨਸ਼ਾ ਖ਼ਤਮ ਕਰਨ, ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਕਿਸਾਨਾਂ ਦੀ ਫ਼ਸਲ ਖ਼ਰੀਦਣ ਅਤੇ ਔਰਤਾਂ ਨੂੰ ਆਰਥਿਕ ਸਹਾਇਤਾ ਦੇਣ ਦੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ 5 ਸਾਲ ਹੋਣ ਦੇ ਬਾਵਜੂਦ ਇਨ੍ਹਾਂ ਨੇ ਵਾਅਦੇ ਪੂਰੇ ਨਹੀਂ ਕੀਤੇ। 'ਆਪ' ਪਾਰਟੀ ਨੇ ਔਰਤਾਂ, ਕਿਸਾਨਾਂ ਅਤੇ ਗ਼ਰੀਬਾਂ ਨਾਲ ਧੋਖਾ ਕੀਤਾ ਹੈ, ਇਹ ਧੋਖੇਬਾਜ਼ ਸਰਕਾਰ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਪੰਜਾਬ 'ਚ ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਸੀਤੋ ਵਿਖੇ ਆਯੋਜਿਤ ਨਸ਼ਾ ਵਿਰੋਧੀ ਯਤਰਾ - ਨਸ਼ਾ ਮੁਕਤ ਪੰਜਾਬ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਵੱਡੇ-ਵੱਡੇ ਵਾਦੇ ਕੀਤੇ ਸਨ ਕਿ ਨਸ਼ੇ ਨੂੰ ਖ਼ਤਮ ਕਰਾਂਗੇ, ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਕੰਮ ਕਰਾਂਗੇ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਵਾਂਗੇ। ਪਰ ਬਹੁਤ ਦੁੱਖ ਦੀ ਗੱਲ ਹੈ ਕਿ ਇਹ ਸਿਰਫ਼ ਵੋਟਾਂ ਲੈਣ ਲਈ ਕਹੀਆਂ ਗਈਆਂ ਗੱਲਾਂ ਸਨ। ਅੱਜ ਪੰਜਾਬ ਦੀ ਜਨਤਾ ਦੱਸੇ ਕਿ ਪੰਜਾਬ ਵਿੱਚ ਨਸ਼ਾ ਵਧਿਆ ਹੈ ਜਾਂ ਘਟਿਆ ਹੈ। ਅਸਲੀਅਤ ਇਹ ਹੈ ਕਿ ਪੰਜਾਬ ਵਿੱਚ ਚਾਰ ਗੁਣਾ ਨਸ਼ਾ ਵਧ ਗਿਆ ਹੈ ਅਤੇ ਚਾਰ ਗੁਣਾ ਪੰਜਾਬ 'ਤੇ ਕਰਜ਼ਾ ਵਧ ਗਿਆ ਹੈ, ਇਹ ਸੋਚਣ ਵਾਲੀ ਗੱਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਦੇਖ ਰਹੇ ਸਨ, ਜਿਸ ਵਿੱਚ ਭਗਵੰਤ ਮਾਨ ਕਹਿ ਰਹੇ ਸਨ ਕਿ ਪਹਿਲਾਂ ਕੁਝ ਲੋਕ ਕਹਿੰਦੇ ਸਨ ਕਿ ਇਨ੍ਹਾਂ ਨੂੰ ਕੰਮ ਦਾ ਤਜਰਬਾ ਨਹੀਂ ਹੈ, ਪਰ ਹੁਣ ਸਾਨੂੰ ਤਜਰਬਾ ਹੋ ਗਿਆ ਹੈ। ਸ੍ਰੀ ਨਾਇਬ ਸਿੰਘ ਸੈਣੀ ਨੇ ਭਗਵੰਤ ਮਾਨ 'ਤੇ ਤੰਜ ਕੱਸਦਿਆਂ ਕਿਹਾ ਕਿ ਮਾਨ ਸਾਹਿਬ, ਤੁਹਾਨੂੰ ਨਸ਼ਾ ਵਧਾਉਣ, ਨੌਜਵਾਨਾਂ ਨੂੰ ਨਸ਼ੇ ਵਿੱਚ ਫਸਾਉਣ, ਸੂਬੇ ਵਿੱਚ ਭ੍ਰਿਸ਼ਟਾਚਾਰ ਵਧਾਉਣ, ਪੈਸਾ ਕਿਵੇਂ ਲੁੱਟਣਾ ਹੈ, ਕਿੱਥੋਂ ਲੁੱਟਣਾ ਹੈ ਅਤੇ ਫਿਰੌਤੀਆਂ ਦਾ ਪੈਸਾ ਕੌਣ ਮੰਗਦਾ ਹੈ, ਇਸ ਗੱਲ ਦਾ ਤਜਰਬਾ 'ਆਪ' ਪਾਰਟੀ ਦੀ ਸਰਕਾਰ ਨੂੰ ਹੋ ਗਿਆ ਹੈ।

**ਰਾਜ ਸਰਕਾਰ ਦੀ ਨਾਕਾਮੀ ਨੇ ਪੰਜਾਬ ਨੂੰ ਨਸ਼ੇ ਦੀ ਅੱਗ ਵਿੱਚ ਧੱਕਣ ਦਾ ਕੰਮ ਕੀਤਾ**

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਨੌਜਵਾਨਾਂ ਨੂੰ ਬਚਾਉਣਾ ਅਤੇ ਉਨ੍ਹਾਂ ਨੂੰ ਸੰਭਾਲਣਾ ਇੱਕ ਚੁਣੌਤੀ ਹੈ। ਪੰਜਾਬ, ਜੋ ਕਦੇ ਆਪਣੇ ਸੂਰਬੀਰਾਂ ਅਤੇ ਕੁਸ਼ਤੀ-ਕਬੱਡੀ ਲਈ ਪੂਰੇ ਦੇਸ਼ ਦਾ ਮਾਣ ਹੁੰਦਾ ਸੀ, ਉਸ ਨੂੰ ਇੱਕ ਡੂੰਘੀ ਸਾਜ਼ਿਸ਼ ਅਤੇ ਰਾਜ ਸਰਕਾਰ ਦੀ ਨਾਕਾਮੀ ਕਾਰਨ ਨਸ਼ੇ ਦੀ ਅੱਗ ਵਿੱਚ ਧੱਕਣ ਦਾ ਕੰਮ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਮਜ਼ਾਕ ਕੀਤਾ ਹੈ। ਇਹ ਸਰਕਾਰ ਮੁਆਫ਼ ਕਰਨ ਯੋਗ ਨਹੀਂ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਨੇ ਵੀ ਇਹ ਕਿਹਾ ਸੀ ਕਿ ਨਸ਼ੇ ਨੂੰ ਖ਼ਤਮ ਕਰਾਂਗੇ, ਭ੍ਰਿਸ਼ਟਾਚਾਰ ਨੂੰ ਖ਼ਤਮ ਕਰਾਂਗੇ ਅਤੇ ਰੁਜ਼ਗਾਰ ਦੇਵਾਂਗੇ, ਪਰ ਕਾਂਗਰਸ ਰਾਜ ਵਿੱਚ ਵੀ ਪੰਜਾਬ ਵਿੱਚ ਨਸ਼ਾ ਵਧਿਆ ਅਤੇ ਨੌਕਰੀਆਂ ਵੀ ਨਹੀਂ ਲੱਗੀਆਂ। ਕਾਂਗਰਸ ਨੇ ਜੋ ਗੱਲਾਂ ਕਹੀਆਂ ਸਨ, ਉਨ੍ਹਾਂ ਨੂੰ ਕਦੇ ਪੂਰਾ ਨਹੀਂ ਕੀਤਾ। ਦੂਜੇ ਪਾਸੇ, ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਮੰਚ ਤੋਂ ਕਹਿੰਦੇ ਸਨ ਕਿ ਅਸੀਂ ਇਮਾਨਦਾਰ ਹਾਂ, ਸਾਡੀ ਪਾਰਟੀ ਕੱਟੜ ਇਮਾਨਦਾਰ ਹੈ। 3 ਤੋਂ 6 ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰਾਂਗੇ, ਨੌਜਵਾਨਾਂ ਨੂੰ ਰੁਜ਼ਗਾਰ ਦੇਵਾਂਗੇ ਅਤੇ ਕਿਸਾਨਾਂ ਦੀ ਫ਼ਸਲ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖ਼ਰੀਦਣ ਦਾ ਕੰਮ ਕਰਾਂਗੇ, 3 ਲੱਖ ਰੁਜ਼ਗਾਰ ਦੇਣ ਦਾ ਕੰਮ ਕਰਾਂਗੇ। ਪਰ ਹਕੀਕਤ ਤੋਂ ਸਭ ਜਾਣੂ ਹਨ।





ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨਾਲ ਮੰਚ 'ਤੇ ਬੈਠ ਕੇ ਪੰਜਾਬ ਦੇ ਨੌਜਵਾਨਾਂ ਨੂੰ ਇਹ ਦੱਸਣ ਕਿ ਕਿੰਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਕੰਮ ਕੀਤਾ ਅਤੇ ਨਸ਼ੇ ਨੂੰ ਖ਼ਤਮ ਕਰਨ ਲਈ ਕੀ ਕੀਤਾ? ਪਰ ਇਹ ਲੋਕ ਸਿਰਫ਼ ਚੁਟਕਲੇ ਮਾਰਨਾ ਹੀ ਜਾਣਦੇ ਹਨ, ਇਹ ਕੰਮ ਨਹੀਂ ਕਰਦੇ।

ਪੰਜਾਬ ਦੇ ਲੋਕਾਂ ਸਾਹਮਣੇ ਝੂਠ ਬੋਲ ਕੇ, ਆਪਣੀਆਂ ਕਮੀਆਂ ਨੂੰ ਛੁਪਾ ਕੇ ਫਿਰ ਤੋਂ ਵੋਟਾਂ ਲੈਣ ਦੀ ਫ਼ਿਰਾਕ ਵਿੱਚ ਹਨ ਭਗਵੰਤ ਮਾਨ

ਮੁੱਖ ਮੰਤਰੀ ਨੇ ਕਿਹਾ ਕਿ ਭਗਵੰਤ ਮਾਨ ਨੇ ਤਾਰੀਖ਼ਾਂ ਉੱਤੇ ਤਾਰੀਖ਼ਾਂ ਦਿੱਤੀਆਂ ਕਿ ਅਸੀਂ ਨਸ਼ਾ ਖ਼ਤਮ ਕਰ ਦੇਵਾਂਗੇ, ਪਰ ਕੁਝ ਨਹੀਂ ਕੀਤਾ। ਹੁਣ ਇੱਕ ਨਵਾਂ ਡਰਾਮਾ ਖੜ੍ਹਾ ਕਰਕੇ ਕਹਿਣ ਲੱਗੇ ਹਨ ਕਿ ਯੁੱਧ ਨਸ਼ੇ ਵਿਰੁੱਧ।

ਇਹ ਪੰਜਾਬ ਦੇ ਲੋਕਾਂ ਦੇ ਪੈਸੇ ਟੀ.ਵੀ. 'ਤੇ ਇਸ਼ਤਿਹਾਰ ਦੇ ਕੇ ਨਸ਼ਾ ਖ਼ਤਮ ਕਰਨਾ ਚਾਹੁੰਦੇ ਹਨ, ਪਰ ਜ਼ਮੀਨੀ ਪੱਧਰ 'ਤੇ ਨਸ਼ੇ ਨੂੰ ਵਧਾਉਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੈਨੂੰ ਆ ਕੇ ਮਿਲਦੇ ਹਨ ਅਤੇ ਆਪਣੀ ਪੀੜਾ ਦੱਸਦੇ ਹਨ ਕਿ ਅਸੀਂ ਕਿੱਥੇ ਜਾਈਏ, ਕਿੱਥੇ ਜਾ ਕੇ ਸ਼ਿਕਾਇਤ ਕਰੀਏ? ਹਾਲ ਹੀ ਵਿੱਚ ਦੇਖਿਆ ਗਿਆ ਕਿ ਭਗਵੰਤ ਮਾਨ ਦੇ ਵਿਧਾਨ ਸਭਾ ਖੇਤਰ ਵਿੱਚ ਇੱਕ ਪਿਤਾ ਨੇ ਆਪਣੇ ਪੁੱਤਰ ਨੂੰ ਬਚਾਉਣ ਲਈ ਮੰਤਰੀ ਸਾਹਮਣੇ ਆਵਾਜ਼ ਉਠਾਈ ਤਾਂ ਉਸ ਨੂੰ ਕਿਵੇਂ ਅਪਮਾਨਿਤ ਕੀਤਾ ਗਿਆ ਅਤੇ ਉਸ ਨੂੰ ਖ਼ੁਦਕੁਸ਼ੀ ਕਰਨੀ ਪੈ ਗਈ। ਪੰਜਾਬ ਦਾ ਇਹ ਹਾਲ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਉਹ ਮਾਨ ਸਾਹਿਬ ਦੀ ਇੱਕ ਵੀਡੀਓ ਸੁਣ ਰਹੇ ਸਨ, ਜਿਸ ਵਿੱਚ ਉਹ ਕਹਿ ਰਹੇ ਸਨ ਕਿ ਸਾਡੀ ਸਰਕਾਰ ਨੇ ਨਸ਼ੇ ਦਾ ਕਾਰੋਬਾਰ ਕਰਨ ਵਾਲੇ 71 ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮਾਨ ਸਾਹਿਬ, ਇਹ ਦੱਸੋ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ ਸਿਰਫ਼ 35 ਹਜ਼ਾਰ ਲੋਕ ਹੀ ਆ ਸਕਦੇ ਹਨ, ਜਦਕਿ ਤੁਸੀਂ ਕਹਿ ਰਹੇ ਹੋ ਕਿ 71 ਹਜ਼ਾਰ ਗ੍ਰਿਫ਼ਤਾਰੀਆਂ ਕੀਤੀਆਂ ਹਨ। ਇਹ ਪੰਜਾਬ ਦੇ ਲੋਕਾਂ ਸਾਹਮਣੇ ਝੂਠ ਬੋਲ ਰਹੇ ਹਨ ਅਤੇ ਆਪਣੀਆਂ ਕਮੀਆਂ ਨੂੰ ਛੁਪਾ ਕੇ ਫਿਰ ਤੋਂ ਵੋਟਾਂ ਲੈਣ ਦੀ ਤਾਕ ਵਿੱਚ ਹਨ।

**ਹਰਿਆਣਾ ਅੱਗੇ ਵਧ ਰਿਹਾ ਹੈ, ਪੰਜਾਬ ਪਿੱਛੇ ਕਿਉਂ ਰਹਿ ਗਿਆ?**

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਅਤੇ ਪੰਜਾਬ ਦਾ ਰਿਸ਼ਤਾ ਛੋਟੇ-ਵੱਡੇ ਭਰਾ ਵਰਗਾ ਹੈ, ਪਰ ਅੱਜ ਦੋਵਾਂ ਰਾਜਾਂ ਦੀ ਵਿਕਾਸ ਯਾਤਰਾ ਵਿੱਚ ਸਪੱਸ਼ਟ ਅੰਤਰ ਦਿਖਾਈ ਦਿੰਦਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹਰਿਆਣਾ ਡਬਲ ਇੰਜਣ ਸਰਕਾਰ ਦੇ ਮਾਧਿਅਮ ਨਾਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਜਦਕਿ ਪੰਜਾਬ ਪਿੱਛੇ ਰਹਿ ਗਿਆ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਕੋਲ ਅੱਜ ਕੋਈ ਮੁੱਦਾ ਨਹੀਂ ਹੈ। ਉੱਥੇ ਹੀ, ਆਮ ਆਦਮੀ ਪਾਰਟੀ ਦੇ ਆਗੂਆਂ ਤੋਂ ਵੀ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਚੋਣਾਂ ਸਮੇਂ ਜਾਰੀ ਕੀਤਾ ਗਿਆ ਉਨ੍ਹਾਂ ਦਾ ਚੋਣ ਮਨੋਰਥ ਪੱਤਰ ਕਿੱਥੇ ਹੈ ਅਤੇ ਉਸ ਵਿੱਚ ਕੀਤੇ ਗਏ ਵਾਅਦਿਆਂ ਵਿੱਚੋਂ ਕਿੰਨੇ ਪੂਰੇ ਹੋਏ ਹਨ? ਇਸ ਦੇ ਉਲਟ, ਭਾਜਪਾ ਸਰਕਾਰ ਨੇ ਹਰਿਆਣਾ ਵਿੱਚ 217 ਸੰਕਲਪ ਲਏ ਅਤੇ ਪਹਿਲੇ ਹੀ ਸਾਲ ਵਿੱਚ 70 ਸੰਕਲਪ ਪੂਰੇ ਕਰ ਦਿੱਤੇ, ਜਦਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਆਪਣੇ ਸੰਕਲਪਾਂ ਨੂੰ ਜ਼ਮੀਨ 'ਤੇ ਉਤਾਰਨ ਲਈ ਲਗਾਤਾਰ ਕੰਮ ਕਰ ਰਹੀ ਹੈ।

**ਪੰਜਾਬ ਦੀ ਸਰਕਾਰ ਆਮ ਆਦਮੀ ਦੀ ਨਹੀਂ, ਸਗੋਂ ਖਾਸ ਆਦਮੀ ਦੀ ਹੈ**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਵਿੱਚ ਐਕਸਾਈਜ਼ ਇੰਸਪੈਕਟਰ ਭਰਤੀ ਪ੍ਰਕਿਰਿਆ ਨੂੰ ਲੈ ਕੇ ਉੱਠ ਰਹੇ ਸਵਾਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਵਿਧਾਇਕਾਂ ਅਤੇ ਮੰਤਰੀਆਂ ਦੇ ਆਲੇ-ਦੁਆਲੇ ਘੁੰਮਣ ਵਾਲਿਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਬੱਚੇ ਐਕਸਾਈਜ਼ ਇੰਸਪੈਕਟਰ ਲੱਗ ਗਏ ਹਨ। ਅਜਿਹੇ ਬੱਚੇ ਐਕਸਾਈਜ਼ ਇੰਸਪੈਕਟਰ ਲੱਗੇ ਜਿਨ੍ਹਾਂ ਨੇ ਦੋ ਫਾਰਮ ਭਰੇ, ਦੋ ਕੇਂਦਰਾਂ 'ਤੇ ਇੱਕੋ ਸਮੇਂ ਉਨ੍ਹਾਂ ਦਾ ਇਮਤਿਹਾਨ ਹੋਇਆ ਅਤੇ ਉਹ ਦੋਵਾਂ ਪ੍ਰੀਖਿਆ ਕੇਂਦਰਾਂ ਵਿੱਚ ਪਾਸ ਵੀ ਹੋ ਗਏ ਅਤੇ ਦੋਵਾਂ ਕੇਂਦਰਾਂ ਤੋਂ ਐਕਸਾਈਜ਼ ਇੰਸਪੈਕਟਰ ਲੱਗ ਗਏ— ਪੰਜਾਬ ਵਿੱਚ ਸਰਕਾਰੀ ਭਰਤੀਆਂ ਦਾ ਇਹ ਹਾਲ ਹੈ।

ਮੁੱਖ ਮੰਤਰੀ ਨੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਮ ਆਦਮੀ ਨਾਲ ਧੋਖਾ ਕੀਤਾ ਹੈ। ਇਹ ਆਮ ਆਦਮੀ ਨਹੀਂ, ਸਗੋਂ ਖਾਸ ਆਦਮੀ ਹਨ, ਪੰਜਾਬ ਦੀ ਜਨਤਾ ਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਪਿਛਲੇ ਸਾਲਾਂ ਦੌਰਾਨ ਦੋ ਲੱਖ ਤੋਂ ਵੱਧ ਨੌਜਵਾਨਾਂ ਨੂੰ ਬਿਨਾਂ ਪਰਚੀ- ਬਿਨਾਂ ਖਰਚੀ ਸਰਕਾਰੀ ਨੌਕਰੀ ਦਿੱਤੀ ਗਈ ਹੈ। ਹਾਲ ਹੀ ਵਿੱਚ ਆਏ ਇੱਕ ਭਰਤੀ ਨਤੀਜੇ ਵਿੱਚ ਇਕੱਲੇ ਪੁਨਹਾਣਾ ਖੇਤਰ ਦੇ 29 ਨੌਜਵਾਨਾਂ ਦੀ ਚੋਣ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਨੌਜਵਾਨ ਨੂੰ ਨੌਕਰੀ ਪਾਉਣ ਲਈ ਕਿਸੇ ਸਿਆਸੀ ਵਿਅਕਤੀ ਦੀ ਸਿਫ਼ਾਰਸ਼ ਜਾਂ ਪੈਸੇ ਦੀ ਲੋੜ ਨਹੀਂ ਪਈ। ਇਹੀ ਚੰਗੇ ਸ਼ਾਸਨ ਅਤੇ ਪਾਰਦਰਸ਼ੀ ਭਰਤੀ ਪ੍ਰਣਾਲੀ ਦਾ ਪ੍ਰਮਾਣ ਹੈ।

ਹਰਿਆਣਾ ਵਿੱਚ ਔਰਤਾਂ ਦੇ ਖਾਤਿਆਂ ਵਿੱਚ 2,000 ਕਰੋੜ ਤੋਂ ਵੱਧ ਦੀ ਰਕਮ ਪਾਈ ਗਈ, ਪੰਜਾਬ ਵਿੱਚ ਔਰਤਾਂ ਨਾਲ ਕੀਤਾ ਵਾਅਦਾ ਪੂਰਾ ਨਹੀਂ ਕੀਤਾ

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਆਪਣੇ ਸੰਕਲਪ ਪੱਤਰ ਵਿੱਚ ਔਰਤਾਂ ਨੂੰ 2,100 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਅਤੇ ਇਸ ਸੰਕਲਪ ਨੂੰ ਸਰਕਾਰ ਨੇ ਜ਼ਮੀਨ 'ਤੇ ਉਤਾਰਨ ਦਾ ਕੰਮ ਕੀਤਾ ਹੈ।

ਹੁਣ ਸਰਕਾਰ ਨੇ ਔਰਤਾਂ ਦੇ ਖਾਤੇ ਵਿੱਚ 2 ਹਜ਼ਾਰ ਕਰੋੜ ਰੁਪਏ ਤੋਂ ਵੀ ਵੱਧ ਦੀ ਰਕਮ ਪਹੁੰਚਾਉਣ ਦਾ ਕੰਮ ਕੀਤਾ ਹੈ। ਜਦਕਿ ਪੰਜਾਬ ਵਿੱਚ ਵੀ 'ਆਪ' ਪਾਰਟੀ ਨੇ ਔਰਤਾਂ ਨੂੰ 1 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ, ਪਰ ਉਸ ਨੂੰ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਲੋਕ ਚੁਟਕਲੇ ਨਹੀਂ ਸੁਣਨਾ ਚਾਹੁੰਦੇ, ਲੋਕ ਕੰਮ ਦੀ ਗੱਲ ਸੁਣਨਾ ਚਾਹੁੰਦੇ ਹਨ।

ਹਰਿਆਣਾ ਸਰਕਾਰ ਨੇ 'ਡੰਕੀ ਰੂਟ' ਰਾਹੀਂ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲਿਆਂ ਵਿਰੁੱਧ ਬਣਾਇਆ ਸਖ਼ਤ ਕਾਨੂੰਨ

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਉਪਲਬਧ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਹਰਿਆਣਾ ਸਰਕਾਰ ਨੇ ਗ਼ੈਰ-ਕਾਨੂੰਨੀ 'ਡੰਕੀ ਰੂਟ' ਰਾਹੀਂ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਇਆ ਹੈ ਅਤੇ ਕਾਰਵਾਈ ਵੀ ਕੀਤੀ ਹੈ। ਉੱਥੇ ਹੀ, ਵਿਦੇਸ਼ ਸਹਿਯੋਗ ਵਿਭਾਗ ਦੇ ਮਾਧਿਅਮ ਨਾਲ ਨੌਜਵਾਨਾਂ ਨੂੰ ਵਿਦੇਸ਼ ਵਿੱਚ ਰੁਜ਼ਗਾਰ ਦੇ ਸੁਰੱਖਿਅਤ ਅਤੇ ਪਾਰਦਰਸ਼ੀ ਮੌਕੇ ਉਪਲਬਧ ਕਰਵਾਏ ਜਾ ਰਹੇ ਹਨ। ਕੰਪਨੀਆਂ ਦੀਆਂ ਲੋੜਾਂ ਅਨੁਸਾਰ ਅਸਾਮੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਨੌਜਵਾਨਾਂ ਦੇ ਇੰਟਰਵਿਊ ਕਰਵਾਏ ਜਾਂਦੇ ਹਨ ਅਤੇ ਵਿਦੇਸ਼ ਜਾਣ ਵਾਲੇ ਹਰੇਕ ਨੌਜਵਾਨ ਦਾ ਰਿਕਾਰਡ ਸਰਕਾਰ ਕੋਲ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਵਿੱਚ ਕਿਸੇ ਨੌਜਵਾਨ ਨੂੰ ਕੋਈ ਸਮੱਸਿਆ ਆਉਣ 'ਤੇ ਹਰਿਆਣਾ ਸਰਕਾਰ ਉਸ ਦੀ ਮਦਦ ਕਰਦੀ ਹੈ। ਸਰਕਾਰ ਦਾ ਕੰਮ ਨੌਜਵਾਨਾਂ ਨੂੰ ਸਹੀ ਰਸਤਾ ਦਿਖਾਉਣਾ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨਾ ਹੈ।

ਪੰਜਾਬ ਵਿੱਚ ਭਾਜਪਾ ਸਰਕਾਰ ਬਣੀ ਤਾਂ ਨਸ਼ੇ 'ਤੇ ਹੋਵੇਗੀ ਫ਼ੈਸਲਾਕੁਨ ਕਾਰਵਾਈ

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਨੌਜਵਾਨਾਂ ਨੂੰ ਨਸ਼ੇ ਦੀ ਗ੍ਰਿਫ਼ਤ ਵਿੱਚ ਧੱਕਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ ਅਤੇ ਕਿਸੇ ਨੂੰ ਵੀ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਨਾਲ ਜੋੜਨ ਲਈ ਹਰਿਆਣਾ ਵਿੱਚ ਮੈਰਾਥਨ, ਸਾਈਕਲੋਥਾਨ ਅਤੇ ਰਾਹਗੀਰੀ ਵਰਗੇ ਪ੍ਰੋਗਰਾਮਾਂ ਦੇ ਮਾਧਿਅਮ ਨਾਲ ਲੱਖਾਂ ਨੌਜਵਾਨਾਂ ਨੂੰ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਜਾਗਰੂਕ ਅਤੇ ਤੰਦਰੁਸਤ ਰਹਿਣਗੇ ਤਾਂ ਨਸ਼ੇ ਵਰਗੀਆਂ ਬੁਰਾਈਆਂ ਵਿਰੁੱਧ ਲੜਾਈ ਹੋਰ ਮਜ਼ਬੂਤ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਵਿਕਾਸ

# ਹੁਣ 1.80 ਲੱਖ ਰੁਪਏ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਵੀ ਮਿਲੇਗਾ ਲਾਡੋ ਲਕਸ਼ਮੀ ਯੋਜਨਾ ਦਾ ਲਾਭ: ਮੁੱਖ ਮੰਤਰੀ

➢ ਸਰਕਾਰ ਨੇ ਪਿਛਲੇ 12 ਸਾਲਾਂ ਵਿੱਚ ਸੂਬੇ ਦੇ 2 ਲੱਖ ਨੌਜਵਾਨਾਂ ਨੂੰ ਬਿਨਾਂ ਖਰਚੀ-ਪਰਚੀ ਦਿੱਤੀਆਂ ਸਰਕਾਰੀ ਨੌਕਰੀਆਂ
➢ ਕਾਲੀਰਾਨੋ, ਸੁਲਤਾਨਪੁਰ, ਸੋਂਟੀ ਅਤੇ ਬੀੜ ਸੋਂਟੀ ਪਿੰਡਾਂ ਲਈ 1.12 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਐਲਾਨ ਕੀਤਾ

**ਚੰਡੀਗੜ੍ਹ, 19 ਸਤੰਬਰ**
**-ਸੰਜੀਵ ਸਿੰਗਲਾ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਨਵੰਬਰ ਮਹੀਨੇ ਤੋਂ 1.80 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੀਆਂ ਯੋਗ ਮਹਿਲਾਵਾਂ ਨੂੰ ਲਾਡੋ ਲਕਸ਼ਮੀ ਯੋਜਨਾ ਦਾ ਲਾਭ ਮਿਲੇਗਾ। ਸਰਕਾਰ ਨੇ 'ਦੀਨਦਿਆਲ ਲਾਡੋ ਲਕਸ਼ਮੀ' ਨਾਮ ਦੀ ਮਹੱਤਵਪੂਰਨ ਯੋਜਨਾ ਲਾਗੂ ਕਰਕੇ ਮਹਿਲਾਵਾਂ ਨੂੰ ਹਰ ਮਹੀਨੇ 2100 ਰੁਪਏ ਦੇਣ ਦਾ ਆਪਣਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ ਮੌਕੇ 17 ਸਤੰਬਰ ਨੂੰ ਇਸ ਯੋਜਨਾ ਦਾ ਵਿਸਥਾਰ ਕੀਤਾ ਗਿਆ ਹੈ। ਹੁਣ 1.80 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਵੀ ਇਸ ਦਾ ਲਾਭ ਦਿੱਤਾ ਜਾਵੇਗਾ। ਯੋਜਨਾ ਦੇ ਵਿਸਥਾਰ ਤੋਂ ਬਾਅਦ ਅਰਜ਼ੀਆਂ ਲਈ ਪੋਰਟਲ ਖੋਲ੍ਹ ਦਿੱਤਾ ਗਿਆ ਹੈ ਅਤੇ ਯੋਗ ਮਹਿਲਾਵਾਂ ਨੂੰ 1 ਨਵੰਬਰ ਤੋਂ ਯੋਜਨਾ ਦਾ ਲਾਭ ਮਿਲਣਾ ਸ਼ੁਰੂ ਹੋ ਜਾਵੇਗਾ। ਇਸ ਤੋਂ ਪਹਿਲਾਂ 1 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰ ਹੀ ਇਸ ਯੋਜਨਾ ਲਈ ਯੋਗ ਸਨ। ਇਸ ਯੋਜਨਾ ਤਹਿਤ ਯੋਗ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਹੁਣ ਤੱਕ 2000 ਕਰੋੜ ਰੁਪਏ ਤੋਂ ਵੱਧ ਦੀ ਰਕਮ ਆਨਲਾਈਨ ਭੇਜੀ ਜਾ ਚੁੱਕੀ ਹੈ। ਮੁੱਖ ਮੰਤਰੀ ਐਤਵਾਰ ਨੂੰ ਲਾਡਵਾ ਵਿਧਾਨ ਸਭਾ ਹਲਕੇ ਵਿੱਚ ਕਰਵਾਏ ਗਏ ਜਨ ਸੰਵਾਦ ਪ੍ਰੋਗਰਾਮਾਂ ਦੌਰਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪਿਛਲੇ 12 ਸਾਲਾਂ ਵਿੱਚ ਸੂਬੇ ਦੇ 2 ਲੱਖ ਨੌਜਵਾਨਾਂ ਨੂੰ ਬਿਨਾਂ ਖਰਚੀ-ਪਰਚੀ ਅਤੇ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਦੇ ਸਮੇਂ ਸਰਕਾਰੀ ਨੌਕਰੀ ਹਾਸਲ ਕਰਨ ਲਈ ਪੈਸੇ ਅਤੇ ਸਿਫ਼ਾਰਸ਼ ਦੀ ਲੋੜ ਪੈਂਦੀ ਸੀ, ਪਰ ਹੁਣ ਗਰੀਬ ਦਾ ਪੁੱਤਰ ਗਰੁੱਪ-ਡੀ ਤੋਂ ਲੈ ਕੇ ਐਚਸੀਐਸ ਤੱਕ ਦੀ ਨੌਕਰੀ ਆਪਣੀ ਯੋਗਤਾ ਦੇ ਆਧਾਰ 'ਤੇ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸੂਬੇ ਵਿੱਚ ਤੇਜ਼ ਰਫ਼ਤਾਰ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਮੁੱਖ ਮੰਤਰੀ ਨੇ ਪਿੰਡ ਕਾਲੀਰਾਨੋ ਵਿੱਚ ਪਿੰਡ ਦੇ ਵਿਕਾਸ ਲਈ 21 ਲੱਖ ਰੁਪਏ ਅਤੇ ਲਾਇਬ੍ਰੇਰੀ ਦੀਆਂ ਕਿਤਾਬਾਂ ਲਈ 2 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸੇ ਤਰ੍ਹਾਂ ਪਿੰਡ ਸੁਲਤਾਨਪੁਰ ਵਿੱਚ ਪਿੰਡ ਦੇ ਵਿਕਾਸ ਲਈ 21 ਲੱਖ ਰੁਪਏ ਅਤੇ ਗੁਰਦੁਆਰਾ ਸਾਹਿਬ ਲਈ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਪਿੰਡ ਸੋਂਟੀ, ਪਿੰਡ ਬੀੜ ਸੋਂਟੀ ਅਤੇ ਪਿੰਡ ਦੇ ਗੁਰਦੁਆਰਾ ਸਾਹਿਬ ਲਈ 21-21 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਮੁੱਖ ਮੰਤਰੀ ਨੇ ਪਿੰਡਾਂ ਦੇ ਸਰਪੰਚਾਂ ਵੱਲੋਂ ਵਿਕਾਸ ਕਾਰਜਾਂ ਸਬੰਧੀ ਰੱਖੀਆਂ ਗਈਆਂ ਮੰਗਾਂ ਨੂੰ ਸਬੰਧਤ ਵਿਭਾਗਾਂ ਕੋਲ ਭੇਜ ਕੇ ਪੂਰਾ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਕੈਲਾਸ਼ ਸੈਣੀ ਅਤੇ ਮੁੱਖ ਮੰਤਰੀ ਦੇ ਓਐਸਡੀ ਮਹਿੰਦਰ ਸੈਣੀ ਵੀ ਮੌਜੂਦ ਰਹੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਨਾਗਰਿਕਾਂ ਨਾਲ 217 ਵਾਅਦੇ ਕੀਤੇ ਸਨ, ਜਿਨ੍ਹਾਂ ਵਿੱਚੋਂ ਹੁਣ ਤੱਕ 70 ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਵਾਅਦਿਆਂ 'ਤੇ ਵੀ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਹੁੰ ਚੁੱਕਦੇ ਹੀ ਆਪਣੇ ਵਾਅਦੇ ਪੂਰੇ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਨੈਸ਼ਨਲ ਹਾਈਵੇਅ ਅਤੇ ਹੋਰ ਵੱਡੇ ਮਾਰਗਾਂ ਨਾਲ ਜੋੜਨ ਲਈ ਸੜਕਾਂ ਦਾ ਜਾਲ ਵਿਛਾਇਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਸਭ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਕਿਸਾਨਾਂ ਦੀਆਂ ਸਾਰੀਆਂ 24 ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) 'ਤੇ ਖਰੀਦਣ ਦਾ ਕੰਮ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਆਗੂ ਸਰਕਾਰ ਤੋਂ 24 ਫਸਲਾਂ ਬਾਰੇ ਜਾਣਕਾਰੀ ਮੰਗ ਰਹੇ ਹਨ, ਜਦਕਿ ਉਨ੍ਹਾਂ ਨੂੰ ਇਹ ਵੀ ਪੂਰਾ ਗਿਆਨ ਨਹੀਂ ਹੈ ਕਿ ਸੂਬੇ ਵਿੱਚ ਕਿਸਾਨ ਕਿੰਨੀ ਕਿਸਮਾਂ ਦੀਆਂ ਫਸਲਾਂ ਪੈਦਾ ਕਰ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਵਿਰੋਧੀ ਧਿਰ ਹੁਣ ਐਮਐਸਪੀ ਦੇ ਨਾਮ 'ਤੇ ਕਿਸਾਨਾਂ ਵਿੱਚ ਭੰਬਲਭੂਸਾ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਸੂਬੇ ਵਿੱਚ ਕੋਈ ਵੀ ਕਿਸਾਨ ਆਪਣੀ ਫਸਲ ਸੜਕ ਦੇ ਵਿਚਕਾਰ ਨਹੀਂ ਸੁੱਟਦਾ, ਕਿਉਂਕਿ ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ 'ਭਾਵਾਂਤਰ ਭਰਪਾਈ ਯੋਜਨਾ' ਲਾਗੂ ਕੀਤੀ ਹੈ। ਇਸ ਯੋਜਨਾ ਤਹਿਤ ਜੇਕਰ ਕਿਸਾਨਾਂ ਨੂੰ ਮੰਡੀਆਂ ਵਿੱਚ ਫਸਲ ਦਾ ਘੱਟ ਭਾਅ ਮਿਲਦਾ ਹੈ ਤਾਂ ਸਰਕਾਰ ਵੱਲੋਂ ਭਾਅ ਦੇ ਅੰਤਰ ਦੀ ਭਰਪਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸ਼ਾਸਨਕਾਲ ਦੌਰਾਨ ਕਿਸਾਨਾਂ ਨੂੰ ਫਸਲ ਖਰਾਬੇ ਲਈ 137 ਕਰੋੜ ਰੁਪਏ ਦਿੱਤੇ ਗਏ ਸਨ, ਜਦਕਿ ਮੌਜੂਦਾ ਸਰਕਾਰ ਵੱਲੋਂ ਕਿਸਾਨਾਂ ਨੂੰ ਫਸਲ ਖਰਾਬੇ ਦੇ ਮੁਆਵਜ਼ੇ ਵਜੋਂ 16,500 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ, ਪੁਲਿਸ ਸੁਪਰਡੈਂਟ ਚੰਦਰ ਮੋਹਨ, ਚੇਅਰਮੈਨ ਗੁਰਨਾਮ ਸਿੰਘ ਸੈਣੀ, ਚੇਅਰਮੈਨ ਸੁਭਾਸ਼ ਕਲਸਾਨਾ, ਮੀਡੀਆ ਕੋਆਰਡੀਨੇਟਰ ਤੁਸ਼ਾਰ ਸੈਣੀ, ਚੇਅਰਪਰਸਨ ਕੰਵਲਜੀਤ ਕੌਰ, ਜ਼ਿਲ੍ਹਾ ਪ੍ਰਧਾਨ ਰਮੇਸ਼ ਸੈਣੀ, ਚੇਅਰਮੈਨ ਡਾ. ਗਣੇਸ਼ ਦੱਤ, ਚੇਅਰਪਰਸਨ ਸਾਕਸ਼ੀ ਖੁਰਾਨਾ, ਮੰਡਲ ਪ੍ਰਧਾਨ ਨਰਿੰਦਰ ਦਬਖੇੜਾ, ਮੰਡਲ ਪ੍ਰਧਾਨ ਸ਼ਿਵ ਗੁਪਤਾ, ਵਿਜੈ ਗਾਬਾ, ਕਾਲੀਰਾਨੋ ਦੇ ਸਰਪੰਚ ਰਾਜੀਵ ਕੁਮਾਰ, ਸੁਲਤਾਨਪੁਰ ਦੀ ਸਰਪੰਚ ਮਮਤਾ ਰਾਣੀ, ਸਰਪੰਚ ਸੁਰੇਸ਼, ਸਰਪੰਚ ਸੁਖਵਿੰਦਰ ਸਿੰਘ, ਨਾਇਬ ਸਿੰਘ ਪਟਾਕ ਮਾਜਰਾ ਸਮੇਤ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ।





# ਸੜਕ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਕੁਲਦੀਪ ਸਿੰਘ ਦੇ ਅੰਗਾਂ ਨੇ ਚਾਰ ਲੋਕਾਂ ਨੂੰ ਦਿੱਤਾ ਨਵਾਂ ਜੀਵਨ

**ਚੰਡੀਗੜ੍ਹ, 21 ਸਤੰਬਰ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਚੰਡੀਗੜ੍ਹ ਦੇ ਪੀ ਜੀ ਆਈ ਵਿੱਚ ਇਲਾਜ ਅਧੀਨ ਰਹੇ 27 ਸਾਲਾ ਕੁਲਦੀਪ ਸਿੰਘ ਦੇ ਦਿਹਾਂਤ ਤੋਂ ਬਾਅਦ ਉਸ ਦੇ ਪਰਿਵਾਰ ਨੇ ਮਨੁੱਖਤਾ ਦੀ ਭਲਾਈ ਲਈ ਵੱਡਾ ਕਦਮ ਚੁੱਕਿਆ ਹੈ। ਪੁੱਤਰ ਦੇ ਵਿਛੋੜੇ ਦੇ ਗ਼ਮ ਵਿੱਚ ਡੁੱਬੀ ਮਾਂ ਅਤੇ ਪਰਿਵਾਰ ਨੇ ਕੁਲਦੀਪ ਦੇ ਗੁਰਦੇ ਅਤੇ ਕਾਰਨੀਆ ਦਾਨ ਕਰਕੇ ਚਾਰ ਲੋੜਵੰਦ ਮਰੀਜ਼ਾਂ ਨੂੰ ਨਵਾਂ ਜੀਵਨ ਬਖ਼ਸ਼ਿਆ ਹੈ।

ਦਰਅਸਲ ਯਮੁਨਾਨਗਰ ਦੇ ਜਗਾਧਰੀ ਦੇ ਵਸਨੀਕ, ਕੁਲਦੀਪ ਨੂੰ 15 ਸਤੰਬਰ ਨੂੰ ਹਾਦਸੇ ਦੌਰਾਨ ਸਿਰ ਵਿੱਚ ਗੰਭੀਰ ਸੱਟਾਂ ਲੱਗਣ ਤੋਂ ਬਾਅਦ ਚੰਡੀਗੜ੍ਹ ਦੇ ਪੀ ਜੀ ਆਈ ਵਿੱਚ ਦਾਖਲ ਕਰਵਾਇਆ ਗਿਆ ਸੀ। ਜਦੋਂ ਉਹ ਸਕੂਟਰ ਚਲਾ ਰਿਹਾ ਸੀ, ਉਦੋਂ ਉਹ ਸਪੀਡ ਬ੍ਰੇਕਰ 'ਤੇ ਡਿੱਗ ਗਿਆ ਅਤੇ ਉਸ ਦੇ ਗੰਭੀਰ ਸੱਟਾਂ ਲੱਗੀਆਂ ਸਨ।

ਉਸ ਦੀ ਮਾਂ ਬੀਰਾ ਰਾਣੀ ਲਈ ਪੁੱਤਰ ਨੂੰ ਗੁਆਉਣਾ ਕਹਿਰ ਢਾਹੁਣ ਵਾਲਾ ਸੀ। ਉਸ ਦੇ ਛੋਟੇ ਭਰਾ ਪਰਮਿੰਦਰ ਲਈ ਆਪਣੇ ਭਰਾ ਦਾ ਵਿਛੋੜਾ ਇੱਕ ਅਜਿਹਾ ਸਦਮਾ ਸੀ, ਜਿਸ ਨੇ ਪਰਿਵਾਰ ਨੂੰ ਹਮੇਸ਼ਾ ਲਈ ਬਦਲ ਦਿੱਤਾ। ਇਸ ਡੂੰਘੇ ਦੁੱਖ ਦੇ ਵਿਚਕਾਰ ਪਰਿਵਾਰ ਨੂੰ ਅੰਗ ਦਾਨ ਬਾਰੇ ਕਾਊਂਸਲਿੰਗ ਦਿੱਤੀ ਗਈ, ਜਿਸ ਉੱਤੇ ਪਰਿਵਾਰਕ ਮੈਂਬਰਾਂ ਨੇ ਸਹਿਮਤੀ ਦੇ ਦਿੱਤੀ।

ਉਨ੍ਹਾਂ ਦੇ ਇਸ ਫ਼ੈਸਲੇ ਸਦਕਾ ਪੀਜੀਆਈ ਵਿਖੇ ਦੋਵੇਂ ਗੁਰਦੇ ਅਤੇ ਕਾਰਨੀਆ (ਅੱਖਾਂ ਦਾ ਮੂਹਰਲਾ ਪਰਦਾ) ਸਫ਼ਲਤਾਪੂਰਵਕ ਪ੍ਰਾਪਤ ਕਰ ਕੇ ਟਰਾਂਸਪਲਾਂਟ ਕੀਤੇ ਗਏ, ਜਿਸ ਨਾਲ ਗੁਰਦੇ ਫੇਲ੍ਹ ਹੋਣ ਵਾਲੇ ਦੋ ਮਰੀਜ਼ਾਂ ਨੂੰ ਨਵਾਂ ਜੀਵਨ ਮਿਲਿਆ, ਜਦਕਿ ਦੋ ਮਰੀਜ਼ਾਂ ਨੂੰ ਕਾਰਨੀਆ ਟਰਾਂਸਪਲਾਂਟੇਸ਼ਨ ਰਾਹੀਂ ਅੱਖਾਂ ਦੀ ਰੌਸ਼ਨੀ ਮਿਲੀ।

ਪੁੱਤਰ ਦੇ ਵਿਛੋੜੇ ਵਿੱਚ ਡੁੱਬੀ ਮਾਂ ਬੀਰਾ ਰਾਣੀ ਨੇ ਕੁਲਦੀਪ ਨੂੰ ਗੁਆਉਣ ਦੇ ਦਰਦ ਅਤੇ ਅੰਗ ਦਾਨ ਤੋਂ ਮਿਲੇ ਸਕੂਨ ਬਾਰੇ ਦੱਸਿਆ।

ਉਨ੍ਹਾਂ ਕਿਹਾ, ਸਾਡੇ ਲਈ ਇਹ ਮੰਨਣਾ ਅਸੰਭਵ ਹੈ ਕਿ ਕੁਲਦੀਪ ਹੁਣ ਇਸ ਦੁਨੀਆ ਵਿੱਚ ਨਹੀਂ ਹੈ। ਘਰ, ਪਰਿਵਾਰ ਅਤੇ ਸਾਡਾ ਆਲਾ-ਦੁਆਲਾ ਸਭ ਬਦਲਿਆ ਜਿਹਾ ਲੱਗਦਾ ਹੈ। ਪਰ ਜਦੋਂ ਅਸੀਂ ਸੋਚਦੇ ਹਾਂ ਕਿ ਉਸ ਦੇ ਅੰਗਾਂ ਨੇ ਕਿਸੇ ਨੂੰ ਜਿਊਣ ਦਾ ਨਵਾਂ ਮੌਕਾ ਦਿੱਤਾ ਹੈ ਅਤੇ ਉਸ ਦੀਆਂ ਕਾਰਨੀਆ ਕਿਸੇ ਨੂੰ ਦੁਨੀਆ ਦੇਖਣ ਵਿੱਚ ਮਦਦ ਕਰ ਰਹੀਆਂ ਹਨ, ਤਾਂ ਮਹਿਸੂਸ ਹੁੰਦਾ ਹੈ ਕਿ ਕੁਲਦੀਪ ਦਾ ਇੱਕ ਹਿੱਸਾ ਅਜੇ ਵੀ ਸਾਡੇ ਨਾਲ ਹੈ। ਅਸੀਂ ਚਾਹੁੰਦੇ ਹਾਂ ਕਿ ਉਸ ਦਾ ਜੀਵਨ ਦੂਜਿਆਂ ਲਈ ਉਮੀਦ ਦਾ ਸੁਨੇਹਾ ਬਣੇ। ਉੱਥੇ ਹੀ ਕੁਲਦੀਪ ਦੇ ਭਰਾ ਨੇ ਕਿਹਾ, ਜੋ ਮੇਰੇ ਭਰਾ ਨਾਲ ਵਾਪਰਿਆ, ਉਹ ਕਿਸੇ ਨਾਲ ਨਹੀਂ ਵਾਪਰਨਾ ਚਾਹੀਦਾ।





